

NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕੰਵਰ ਧੰਜਲ ਆਰ ਬੀ ਸੀ ਦੇ ਟੌਪ 25 ਕੈਨੇਡੀਅਨ ਇਮੀਗ੍ਰੈਂਟ ਐਵਾਰਡ ਨਾਲ ਸਨਮਾਨਿਤ




ਟੋਰਾਂਟੋ, 20 ਸਤੰਬਰ (ਪੋਸਟ ਬਿਊਰੋ) : 2007 ਵਿੱਚ ਕੈਨੇਡਾ ਆ ਕੇ 2008 ਵਿੱਚ ਆਪਣੀ ਕੰਪਨੀ ਜਸਟ ਇੰਸਟਰੂਮੈਂਟ ਕਾਇਮ ਕਰਨ ਵਾਲੇ ਕੰਵਰ ਧੰਜਲ ਅੱਜ ਇੱਕ ਸਫਲ ਕਾਰੋਬਾਰੀ ਹਨ। ਉਹ ਕੈਨੇਡਾ ਵਿੱਚ ਇੰਟਰੂਮੈਂਟੇਸ਼ਨ ਦੇ ਖੇਤਰ ਵਿੱਚ ਅੱਜ ਸਫਲਤਾਪੂਬਕ ਆਪਣੀ ਕੰਪਨੀ ਚਲਾ ਰਹੇ ਹਨ।

ਕਾਰੋਬਾਰੀ ਤੇ ਭਾਰਤ ਤੋਂ ਆਏ ਤਜਰਬੇਕਾਰ ਟੈਕਨੋਕਰੈਟ ਧੰਜਲ ਨੂੰ ਇੰਡਸਟਰੀਅਲ ਇੰਸਟਰੂਮੈਂਟੇਸ਼ਨ ਤੇ ਆਟੋਮੇਸਨ ਦੇ ਖੇਤਰ ਵਿੱਚ ਕਾਫੀ ਤਜ਼ਰਬਾ ਹੈ ਤੇ ਉਹ ਇਸ ਖੇਤਰ ਵਿੱਚ ਸੇਲਜ, ਰਿਪੇਅਰ, ਪ੍ਰੌਸੈੱਸ ਕੰਟਰੋਲ ਇੰਸਟਰੂਮੈਂਟੇਸਨ ਲਈ ਕੈਲੀਬ੍ਰੇਸ਼ਨ ਤੇ ਆਟੋਮੇਸਨ ਸੌਲਿਊਸਨ ਮੁਹੱਈਆ ਕਰਵਾਉਂਦੇ ਹਨ। ਧੰਜਲ 2009 ਤੋਂ ਇੰਡੋ ਕੈਨੇਡੀਅਨ ਚੈਂਬਰ ਆਫ ਕਾਮਰਸ, ਟੋਰਾਂਟੋ ਦੇ ਲਾਈਫ ਮੈਂਬਰ ਰਹੇ ਹਨ। 2017-18 ਵਿੱਚ ਉਹ ਇਸ ਦੇ ਪ੍ਰੈਜ਼ੀਡੈਂਟ ਬਣੇ, 2016-2018 ਤੱਕ ਟਰੇਡ ਐਂਡ ਕਾਮਰਸ ਦੇ ਡਾਇਰੈਕਟਰ ਰਹੇ ਤੇ 2017 ਵਿੱਚ ਐੱਸ ਐੱਮ ਈ ਤੇ ਟਰੇਡ ਦੇ ਡਾਇਰੈਕਟਰ ਰਹੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੀਤੇ ਗਏ ਭਾਰਤ ਦੇ ਦੌਰੇ ਦੌਰਾਨ ਧੰਜਲ ਨੇ ਬਿਜਨਸ ਡੈਲੀਗੇਸ਼ਨ ਦੀ ਅਗਵਾਈ ਵੀ ਕੀਤੀ।

2018 ਤੋਂ ਅੱਜ ਤੱਕ ਧੰਜਲ ਬਰੈਂਪਟਨ ਬੋਰਡ ਆਫ ਟਰੇਡ ਦੀ ਟਰੇਡ ਐਂਡ ਇਨਵੈਸਟਮੈਂਟ ਕਮੇਟੀ ਦੇ ਚੇਅਰ ਰਹੇ। 2018 ਵਿੱਚ ਉਹ ਇਕਨੌਕਿਮ ਮਾਸਟਰ ਪਲੈਨ ਕਮੇਟੀ ਦੇ ਮੈਂਬਰ ਰਹੇ। ਪਿਛਲੇ ਦੋ ਸਾਲਾਂ ਤੋਂ ਬਰੈਂਪਟਨ ਦੇ ਰੋਟਰੀ ਕਲੱਬ ਦੇ ਮੈਂਬਰ ਹਨ। ਪਿਛਲੇ 12 ਸਾਲਾਂ ਤੋਂ ਫਰੀ ਮੇਸਨਰੀ ਦੇ ਮੈਂਬਰ ਹਨ। 2016-17 ਤੋਂ ਪੀਲ, ਬਰੈਂਪਟਨ ਦੀ ਬਿੱਗ ਬਰਦਰਜ਼ ਬਿੱਗ ਸਿਸਟਰਜ ਦੀ ਫੰਡ ਰੇਜ਼ਿੰਗ ਕਮੇਟੀ ਦੇ ਐਗਜੈਕਟਿਵ ਮੈਂਬਰ ਹਨ।

2014 ਵਿੱਚ ਧੰਜਲ ਨੂੰ ਕਲਰਜ ਆਫ ਇੰਡੀਆ ਵੱਲੋਂ ਫੇਸ ਆਫ ਇੰਡੀਆ ਐਵਾਰਡ ਨਾਲ ਨਿਵਾਜਿਆ ਗਿਆ। 2015 ਵਿੱਚ ਸਪਿਰਿਟ ਆਫ ਇਨੋਵੇਸ਼ਨ ਕੈਟੇਗਰੀ ਵਿੱਚ ਐਵਾਰਡ ਲਈ ਬੀਬੀਓਟੀ ਵਿੱਚ ਨਾਮਜ਼ਦ ਕੀਤੇ ਗਏ। 2017 ਵਿੱਚ ਬੀਬੀਓਟੀ ਵੱਲੋਂ ਉਨ੍ਹਾਂ ਨੂੰ ਇਨਾਗਰਲ ਚੇਅਰਜ ਐਵਾਰਡ ਦਿੱਤਾ ਗਿਆ। 2018 ਵਿੱਚ ਮਾਈ ਇੰਡੀਆ ਇਨ ਕੈਨੇਡਾ ਐਸੋਸਿਏਸਨ ਵੱਲੋਂ ਰੈਕੋਗਨਿਸਨ ਐਵਾਰਡ ਦਿੱਤਾ ਗਿਆ। 2019 ਵਿੱਚ ਟਰੇਡ ਪ੍ਰਮੋਸਨ ਕਾਊਂਸਲ ਆਫ ਇੰਡੀਆ ਵੱਲੋਂ ਰੈਕੋਗਨਿਸਨ ਐਵਾਰਡ ਦਿੱਤਾ ਗਿਆ। 2019 ਵਿੱਚ ਐਕਸੀਲੈਂਟ ਸਰਵਿ-ਸਿਜ ਲਈ ਕੋਟਲਰ ਐਵਾਰਡ, 2019 ਵਿੱਚ ਆਈ ਐਮ ਈ ਸੀ, ਕੈਨੇਡਾ ਵੱਲੋਂ ਇਨਫਲੂਐਂਸਲ ਟੈਕਨੋਕਰੈਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 2019 ਵਿੱਚ ਜਿਊਲਜ ਆਫ ਪੰਜਾਬ ਵਿੱਚ ਉੱਘੇ 75 ਪੰਜਾਬੀਆਂ ਵਿੱਚੋਂ ਇੱਕ ਧੰਜਲ ਵੀ ਸਨ, 2020 ਵਿੱਚ ਧੰਜਲ ਨੂੰ ਲਾਹੌਰ ਚੈਂਬਰ ਆਫ ਕਾਮਰਸ ਇਨ ਪਾਕਿਸਤਾਨ ਵੱਲੋਂ ਮਾਨਤਾ ਦਿੱਤੀ ਗਈ।

# ਟੋਰਾਂਟੋ ਅਤੇ ਵੈਨਕੂਵਰ ਵਿੱਚ ਅਗਸਤ ਮਹੀਨੇ ਘਰਾਂ ਦੀਆਂ ਕੀਮਤਾਂ ਵਿੱਚ ਆਇਆ ਉਛਾਲ

ਟੋਰਾਂਟੋ, 20 ਸਤੰਬਰ (ਪੋਸਟ ਬਿਊਰੋ): ਟੋਰਾਂਟੋ ਇਲਾਕੇ ਵਿੱਚ ਘਰਾਂ ਦੀ ਮੰਗ ਵਿੱਚ ਆਈ ਉਛਾਲ ਕਾਰਨ ਅਗਸਤ ਮਹੀਨੇ ਘਰਾਂ ਦੀ ਵਿੱਕਰੀ ਤੇ ਕੀਮਤਾਂ ਵਿੱਚ ਰਿਕਾਰਡਤੋੜ ਵਾਧਾ ਦਰਜ ਕੀਤਾ ਗਿਆ। ਇਸ ਤੋਂ ਮਹਿਸੂਸ ਹੋ ਰਿਹਾ ਹੈ ਕਿ ਕੋਵਿਡ-19 ਮਹਾਂਮਾਰੀ ਤੋਂ ਹਾਊਸਿੰਗ ਮਾਰਕਿਟ ਨਿਕਲਣ ਦੀ ਕਾਮਯਾਬ ਕੋਸਿਸ ਕਰ ਰਹੀ ਹੈ।


ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਗਸਤ ਵਿੱਚ ਐਮ ਐਲ ਐਸ ਸਿਸਟਮ ਦੇ ਅੰਕੜਿਆਂ ਮੁਤਾ-ਬਕ 10,775 ਘਰਾਂ ਦੀ ਵਿੱਕਰੀ ਹੋਈ, ਜੋ ਕਿ ਇੱਕ ਸਾਲ ਪਹਿਲਾਂ ਵਿਕੇ 7,682 ਘਰਾਂ ਨਾਲੋਂ 40 ਫੀ ਸਦੀ ਵੱਧ ਹੈ। ਡਿਟੈਚਡ ਘਰਾਂ ਦੀ ਵਿੱਕਰੀ ਵਿੱਚ 50.6 ਫੀ ਸਦੀ ਤੇ ਸੈਮੀ ਡਿਟੈਚਡ ਘਰਾਂ ਦੀ ਵਿੱਕਰੀ ਵਿੱਚ 66.8 ਫੀ ਸਦੀ ਵਾਧਾ ਦਰਜ ਕੀਤਾ ਗਿਆ। ਇਸ ਦੌਰਾਨ ਕੌਂਡੋ ਦੀ ਸੇਲ ਮੱਠੀ ਰਹੀ, ਇਸ ਵਿੱਚ 10.9 ਫੀ ਸਦੀ ਵਾਧਾ ਹੀ ਦਰਜ ਕੀਤਾ ਗਿਆ।ਇਸ ਰੀਜਨ ਵਿੱਚ ਵਿਕੇ ਘਰਾਂ ਦੀ ਔਸਤ ਕੀਮਤ 951,404 ਡਾਲਰ ਦਰਜ ਕੀਤੀ ਗਈ ਜੋ ਕਿ ਇੱਕ ਸਾਲ ਪਹਿਲਾਂ ਘਰਾਂ ਦੀ ਕੀਮਤ 792,134 ਡਾਲਰ ਦੇ ਮੁਕਾਬਲੇ 20 ਫੀ ਸਦੀ ਵੱਧ ਰਹੀ।




ਇਸ ਦੌਰਾਨ ਮੈਟਰੋ ਵੈਨਕੂਵਰ ਵਿੱਚ ਘਰਾਂ ਦੀ ਵਿੱਕਰੀ ਅਗਸਤ ਵਿੱਚ 3,047 ਤੱਕ ਪਹੁੰਚ ਗਈ। ਦ ਰੀਅਲ ਅਸਟੇਟ ਬੋਰਡ ਆਫ ਗ੍ਰੇਟਰ ਵੈਨਕੂਵਰ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਵਿਕੇ ਘਰਾਂ ਦੀ ਗਿਣਤੀ ਪਿਛਲੇ 10 ਸਾਲਾਂ ਵਿੱਚ ਅਗਸਤ ਮਹੀਨੇ ਵਿਕੇ ਔਸਤ ਘਰਾਂ ਦੀ ਗਿਣਤੀ (20 ਫੀ ਸਦੀ) ਤੋਂ ਵੱਧ ਰਹੀ। ਹਾਲਾਂਕਿ ਜੁਲਾਈ ਵਿੱਚ ਵਿਕੇ 3128 ਘਰਾਂ ਦੇ ਮੁਕਾਬਲੇ ਅਗਸਤ ਵਿੱਚ ਵਿਕੇ ਘਰਾਂ ਦੀ ਗਿਣਤੀ ਥੋੜ੍ਹੀ ਜਿਹੀ ਘੱਟ ਰਹੀ।ਘਰਾਂ ਦੀਆਂ ਕੀਮਤਾਂ ਇਸ ਸਾਲ ਅਗਸਤ ਵਿੱਚ ਸਾਲ 2019 ਵਿੱਚ ਇਸੇ ਅਰਸੇ ਦੇ ਮੁਕਾਬਲੇ 5.3 ਫੀ ਸਦੀ ਵੱਧ ਰਹੀਆਂ ਤੇ ਜੁਲਾਈ ਦੇ ਮੁਕਾਬਲੇ 0.7 ਫੀ ਸਦੀ ਵੱਧ ਰਹੀਆਂ। ਬੋਰਡ ਦੀ ਚੇਅਰ ਕੌਲੈਂਟ ਗਰਬਰ ਦਾ ਕਹਿਣਾ ਹੈ ਕਿ ਇਨ੍ਹਾਂ ਕੀਮਤਾਂ ਵਿੱਚ ਆਏ ਉਛਾਲ ਦਾ ਕਾਰਨ ਉਹ ਲੋਕ ਹਨ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਕਾਰਨ ਬਸੰਤ ਵਿੱਚ ਘਰ ਖਰੀਦਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਟਾਲ ਦਿੱਤਾ ਸੀ।

# ਭਾਰਤੀ ਮੂਲ ਦੇ ਡਾਕਟਰ 'ਤੇ ਬੰਦੂਕ ਤਾਨਣ ਵਾਲੇ ਪੁਲਿਸ ਅਧਿਕਾਰੀ ਨੂੰ ਬਿਨਾਂ ਤਨਖਾਹ ਇਕ ਹਫ਼ਤੇ ਲਈ ਕੀਤਾ ਮੁਅੱਤਲ

ਕੈਲੀਫੋਰਨੀਆ 20 ਸਤੰਬਰ (ਹੁਸਨ ਲੜੋਆ ਬੰਗਾ)-ਕੋਲੋਰਾਡੋ ਦੇ ਇਕ ਪੁਲਿਸ ਅਧਿਕਾਰੀ ਨੂੰ ਭਾਰਤੀ ਮੂਲ ਦੇ ਇਕ ਅਮਰੀਕੀ ਡਾਕਟਰ ਉਪਰ ਬੰਦੂਕ ਤਾਣਨ ਦੇ ਮਾਮਲੇ ਵਿਚ ਇਕ ਹਫ਼ਤੇ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਔਰਾਰਾ ਪੁਲਿਸ ਵਿਭਾਗ ਦੇ ਇਕ ਬੁਲ-ਾਰੇ ਨੇ ਦੱਸਿਆ ਕਿ ਪੁਲਿਸ ਅਫਸਰ ਜਸਟਿਨ ਹੈਂਡਰਸਨ ਨੂੰ ਮੁਅੱਤਲੀ ਦੇ ਸਮੇ ਦੀ ਤਨਖਾਹ ਨਹੀਂ ਮਿਲੇਗੀ। ਉਸ ਨੂੰ ਆਪਣੇ ਵਿਵਹਾਰ ਵਿਚ ਸੁਧਾਰ ਲਈ ਟਰੇਨਿੰਗ ਵਿਚ ਵੀ ਸ਼ਾਮਿਲ ਹੋਣਾ ਪਵੇਗਾ। ਇਹ ਘਟਨਾ ਬਹੁਤ ਚਰਚਿਤ ਹੋਈ ਸੀ। ਡਾਕਟਰ ਪੀ ਜੇ ਪਰਮਾਰ ਵੱਲੋਂ ਰਾਹ ਵਿਚ ਖੜੀ ਪੁਲਿਸ ਅਧਿਕਾਰੀ ਦੀ ਕਾਰ ਨੂੰ ਪਾਸੇ ਕਰਨ ਲਈ ਜਦੋਂ ਹਾਰਨ ਮਾਰਿਆ ਗਿਆ ਤਾਂ ਗੁੱਸੇ ਵਿਚ ਆਏ ਪੁਲਿਸ ਅਧਿਕਾਰੀ ਨੇ ਉਸ ਉਪਰ ਬੰਦੂਕ ਤਾਣ ਲਈ ਤੇ ਉਸ ਨੂੰ ਆਪਣੀ ਕਾਰ ਵਿਚ ਹੀ ਬੈਠੇ ਰਹਿਣ ਲਈ ਕਿਹਾ। ਡਾਕਟਰ ਦਾ ਕਹਿਣਾ ਹੈ ਕਿ ਗੋਰੇ ਪੁਲਿਸ ਅਧਿਕਾਰੀ ਨੇ ਨਸਲ ਕਾਰਨ ਮੇਰੇ ਨਾਲ ਬਦਤਮੀਜ਼ੀ ਕੀਤੀ ਹੈ। ਉਨਾਂ ਕਿਹਾ ਸੀ ਕਿ ਪੁਲਿਸ ਨੂੰ ਖੁਲ ਦਿੱਤੀ ਹੋਈ ਹੈ, ਉਹ ਜੋ ਚਹੁੰਦੀ ਹੈ ਕਰਦੀ ਹੈ। ਪਰਮਾਰ ਦੇ ਵਕੀਲ ਡੇਵਿਡ ਲੇਨ ਨੇ ਕਿਹਾ ਹੈ ਕਿ ਉਹ ਪੁਲਿਸ ਅਧਿਕਾਰੀ ਵੱਲੋਂ ਕੀਤੀ ਧੱਕੇਸ਼ਾਹੀ ਵਿਰੁੱਧ ਸੰਘੀ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਰਹੇ ਹਨ।




# ਬੋਟ ਪਲਟਣ ਕਾਰਨ ਲਾਪਤਾ ਹੋਏ ਦੋ ਲੜਕਿਆਂ ’ਚੋਂ ਇੱਕ ਦੀ ਲਾਸ਼ ਮਿਲੀ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਟੀਮ ਅਜੇ ਵੀ ਦੂਜੇ ਲੜਕੇ ਦੀ ਭਾਲ ਕਰ ਰਹੀ ਹੈ। ਜਿਸ ਦੀ ਪਛਾਣ ਐਲੈਕਸ ਹਚਿਸਨ ਵਜੋਂ ਕੀਤੀ ਦੱਸੀ ਜਾਂਦੀ ਹੈ। ਇਹ ਦੋਵੇਂ ਲੜਕੇ ਬੁੱਧਵਾਰ ਨੂੰ ਉਸ ਸਮੇਂ ਲਾਪਤਾ ਹੋ ਗਏ ਸਨ ਜਦੋਂ ਉਨ੍ਹਾਂ ਦੀ ਬੋਟ ਪਲਟ ਗਈ ਸੀ। ਹੈਲੀਫੈਕਸ ਦੇ ਮੈਰੀਟਾਈਮ ਜੁਆਇੰਟ ਰੈਸਕਿਊ ਕੋ-ਆਰਡੀਨੇਸਨ ਸੈਂਟਰ, ਜੋ ਕਿ ਸੁਰੂ ਵਿੱਚ ਇਸ ਮਾਮਲੇ ਨੂੰ ਦੇਖ ਰਿਹਾ ਸੀ, ਨੇ ਦੱਸਿਆ ਕਿ ਇਸ ਬੋਟ ਵਿੱਚ ਤਿੰਨ ਵਿਅਕਤੀ ਸਵਾਰ ਸਨ ਜਦੋਂ ਇਹ ਪੀ ਈ ਆਈ ਦੇ ਪੱਛਮੀ ਕਿਨਾਰੇ ਉੱਤੇ ਨੌਰਥਪੋਰਟ ਨੇੜੇ ਡੁੱਬੀ।

ਸੈਂਟਰ ਨੇ ਦੱਸਿਆ ਕਿ ਇੱਕ ਲੜਕਾ ਤੈਰ ਕੇ ਕਿਨਾਰੇ ਆਉਣ ਵਿੱਚ ਸਫਲ ਹੋ ਗਿਆ ਜਦਕਿ ਫੌਜ ਦੇ ਹੈਲੀਕਾਪਟਰਾਂ ਤੇ ਕੋਸਟ ਗਾਰਡ ਬੇੜਿਆਂ ਵੱਲੋਂ ਦੋ ਹੋਰਨਾਂ ਦੀ ਭਾਲ ਦਾ ਕੰਮ ਜੰਗੀ ਪੱਧਰ ਉੱਤੇ ਸੁਰੂ ਕਰ ਦਿੱਤਾ ਗਿਆ।

# ਚੀਨ ਨੂੰ ਸੰਵੇਦਨਸ਼ੀਲ ਦਸਤਾਵੇਜ਼ ਦੇਣ ਦੇ ਦੋਸ਼ ਵਿਚ ਪੱਤਰਕਾਰ ਰਾਜੀਵ ਸ਼ਰਮਾ ਗ੍ਰਿਫਤਾਰ

ਨਵੀਂ ਦਿੱਲੀ, 20 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਰੱਖਿਆ ਨਾਲ ਜੁੜੇ ਗੁਪਤ ਦਸਤਾਵੇਜ਼ਾਂ ਨਾਲ ਫੜੇ ਗਏ ਇੱਕਫਰੀ-ਲਾਂਸ ਪੱਤਰਕਾਰ ਰਾਜੀਵ ਸ਼ਰਮਾ ਬਾਰੇ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਚੀਨ ਨੂੰ ਸੰਵਦੇਸ਼ਨਸ਼ੀਲ ਖੁਫੀਆ ਸੂਚਨਾਵਾਂ ਪੁਚਾਈਆਂ ਹਨ। ਇਸ ਦੌਰਾਨ ਇਕ ਚੀਨੀ ਔਰਤ ਤੇ ਉਸ ਦੇ ਨੇਪਾਲੀ ਸਾਥੀਆਂ ਨੂੰ ਵੀ ਕੰਪਨੀਆਂ ਰਾਹੀਂ ਵੱਡੀ ਰਕਮ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਦੇਸ਼ ਦੀ ਰੱਖਿਆ ਨਾਲ ਜੁੜੇ ਗੁਪਤ ਦਸਤਾਵੇਜ਼ਾਂ ਨਾਲ ਫਰੀ ਲਾਂਸ ਪੱਤਰਕਾਰ ਰਾਜੀਵ ਸ਼ਰਮਾ ਨੂੰ ਗ੍ਰਿਫ਼ਤਾਰ ਕਰ ਕੇ ਉਸ ਉੱਤੇ ਆਫੀਸ਼ਲ ਸੀਕ੍ਰੇਟਸ ਐਕਟ ਦੀ ਕਾਰਵਾਈ ਕੀਤੀ ਹੈ। ਸ਼ੱਕੀ ਗਤੀਵਿਧੀ ਦੀ ਸੂਚਨਾ ਉੱਤੇ ਪੁਲਿਸ ਲੰਬੇ ਸਮੇਂ ਤੋਂ ਰਾਜੀਵ ਦੇ ਫੋਨ ਦੀਆਂ ਕਾਲ ਡਿਟੇਲਜ਼ ਨੂੰ ਫੋਲ ਰਹੀ ਸੀ। ਪੱਤਰਕਾਰ ਰਾਜੀਵ ਨੂੰ 14 ਸਤੰਬਰ ਨੂੰ ਗ੍ਰਿਫ਼ਤਾਰ ਕਰਨ ਦੇ ਬਾਅਦ 15 ਸਤੰਬਰ ਨੂੰ ਮਜਿਸਟ੍ਰੇਟ ਅੱਗੇ ਪੇਸ਼ ਕੀਤਾ ਗਿਆ ਸੀ, ਜਿੱਥੋਂ ਉਸ ਨੂੰ 6 ਦਿਨ ਦੀ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਸੀ। ਸਪੈਸ਼ਲ ਸੈੱਲਦੇ ਨਾਲ ਹੋਰ ਸੁੱਰਖਿਆ ਤੇ ਖੁਫੀਆ ਏਜੰਸੀਆਂ ਵੀ ਰਾਜੀਵ ਸ਼ਰਮਾ ਤੋਂ ਪੁੱਛਗਿੱਛ ਕਰ ਕੇ ਇਹ ਲੱਭਣਦੇ ਯਤਨ ਕਰ ਰਹੀਆਂ ਸਨ ਕਿ ਦੇਸ਼ ਦੀ ਰੱਖਿਆ ਨਾਲ ਜੁੜਦੇ ਗੁਪਤ ਦਸਤਾਵੇਜ਼ ਇਕੱਠੇ ਕਰਨਪਿੱਛੇ ਉਸ ਦਾ ਇਰਾਦਾ ਕੀ ਸੀ? ਇਹ ਦਸਤਾਵੇਜ਼ ਉਸ ਨੂੰ ਕਿਸ ਨੇ ਦਿੱਤੇ ਸਨ ਤੇ ਇਹ ਅੱਗੇ ਕਿਸ ਨੂੰ ਦਿੱਤੇਜਾਣੇ ਸਨ? ਪਤਾ ਲੱਗਾ ਹੈ ਕਿ ਇਹ ਦਸਤਾਵੇਜ਼ ਚੀਨੀ ਖੁਫੀਆ ਏਜੰਟਾਂ ਨੂੰ ਦਿੱਤੇ ਜਾਣ ਵਾਲੇ ਸਨ।

# ਸਿੱਖ ਭਾਈਚਾਰੇ ਨੂੰ ਹਿੰਸਾ ਨਾਲ ਜੋੜਨਾ ਮੰਦਭਾਗਾ ਕਦਮ

## ਓ ਐਸ ਜੀ ਸੀ ਵੱਲੋਂ ਟੈਰੀ ਮਿਲਵਸਕੀ ਦੀ ਰਿਪੋਰਟ ਵਾਪਿਸ ਲੈਣ ਦੀ ਮੰਗ

ਓਟਵਾ, 20 ਸਤੰਬਰ (ਪੋਸਟ ਬਿਊਰੋ) : ਮੈਕਡੌਨਲਡ ਲਾਰੀਅਰ ਇੰਸਟੀਚਿਊਟ ਪੇਪਰ ਵਜੋਂ ਪ੍ਰਕਾਸ਼ਿਤ ਹੋਈ ਟੈਰੀ ਮਿਲਵਸਕੀ ਦੀ ਰਿਪੋਰਟ ਖਾਲਿਸਤਾਨ ਏ ਪ੍ਰੋਜੈਕਟ ਆਫ ਪਾਕਿਸਤਾਨ ਸਿੱਖ ਕਮਿਊਨਿਟੀ ਬਾਰੇ ਝੂਠੀਆਂ ਤੇ ਗੰਧਲੀਆਂ ਅਫਵਾਹਾਂ ਫੈਲਾਉਣ ਤੋਂ ਵੱਧ ਹੋਰ ਕੁੱਝ ਨਹੀਂ ਹੈ।

ਆਪਣੇ ਰਿਸਰਚ ਦੇ ਵਿਸ਼ੇ ਵਜੋਂ ਪਿਛਲੇ 3 ਦਹਾਕਿਆਂ ਵਿਚ ਪ੍ਰੈੱਸ ਵਿੱਚ ਛਪੀਆਂ 24 ਪੰਨਿਆਂ ਦੀਆਂ ਖਬਰਾਂ ਪੜ੍ਹਨ ਤੋਂ ਬਾਅਦ ਖੁਦ ਨੂੰ ਵਿਸੇ ਦਾ ਮਾਹਰ ਸਮਝਣ ਵਾਲੇ ਟੈਰੀ ਵੱਲੋਂ ਛਪਵਾਈ ਗਈ ਇਸ ਰਿਪੋਰਟ ਤੋਂ ਇਹ ਜ਼ਰੂਰ ਸਿੱਧ ਹੁੰਦਾ ਹੈ ਕਿ ਇਸ ਵਿੱਚ ਸਿੱਖ ਕਮਿਊਨਿਟੀ ਨੂੰ ਹਿੰਸਕ ਸੁਭਾਅ ਦਾ ਦਰਸਾਇਆ ਗਿਆ ਹੈ। ਇੱਥੇ ਹੀ ਬੱਸ ਨਹੀਂ ਉੱਜਲ ਦੁਸਾਂਝ ਵੱਲੋਂ ਵੀ ਇਸ ਰਿਪੋਰਟ ਵਿੱਚ ਨਕਾਰਾਤਮਕ ਯੋਗਦਾਨ ਪਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਗਈ।

ਓ ਐਸ ਜੀ ਸੀ ਦੇ ਸਕੱਤਰ ਮਨਜੀਤ ਸਿੰਘ ਪਰਮਾਰ ਨੇ ਆਖਿਆ ਕਿ ਆਪਣੇ ਦਾਅਵਿਆਂ ਨੂੰ ਸੱਚ ਦਾ ਜਾਮਾ ਪਹਿਨਾਉਣ ਲਈ ਟੈਰੀ ਵੱਲੋਂ ਕੋਈ ਨਵੇਂ ਸਬੂਤ ਪੇਸ ਨਹੀਂ ਕੀਤੇ ਗਏ। ਪਰ ਅਤੀਤ ਵਿਚਲੀਆਂ ਕੁੱਝ ਘਟਨਾਵਾਂ, ਜਿਨ੍ਹਾਂ ਵਿੱਚੋਂ ਕਈ ਵੰਡ ਦੇ ਵੇਲਿਆਂ ਦੀਆਂ ਵੀ ਹਨ, ਦਾ ਸਹਾਰਾ ਜਰੂਰ ਲਿਆ ਗਿਆ ਹੈ। ਇਸ ਪੇਪਰ ਤੋਂ ਇੱਕ ਗੱਲ ਤਾਂ ਸਪਸਟ ਹੈ ਕਿ ਜਿਹੜੀਆਂ ਤਾਕਤਾਂ ਸਿੱਖਾਂ ਨੂੰ ਕੈਨੇਡਾ ਵਿੱਚ ਨਹੀਂ ਵੇਖਣਾ ਚਾਹੁੰਦੀਆਂ ਉਨ੍ਹਾਂ ਨੂੰ ਟੈਰੋਰਿਜਮ ਥਰੈਟ ਟੂ ਕੈਨੇਡਾ ਬਾਰੇ 2018 ਵਿੱਚ ਛਪੀ ਪਬਲਿਕ ਰਿਪੋਰਟ ਵਿੱਚੋਂ ਸਿੱਖ ਇੰਤਿਹਾਪਸੰਦੀ ਸਬਦ ਦੇ ਕੱਢੇ ਜਾਣ ਨਾਲ ਕਾਫੀ ਤਕਲੀਫ ਹੋਈ।

ਦੁਸਾਂਝ ਤੇ ਮਜੂਮਦਾਰ ਵੱਲੋਂ ਇਸ ਰਿਪੋਰਟ ਦੇ ਸੁਰੂ ਵਿੱਚ ਲਿਖੀਆਂ ਗਈਆਂ ਸਤਰਾਂ ਵਿੱਚ ਆਖਿਆ ਗਿਆ ਹੈ ਕਿ ਕੈਨੇਡਾ ਵਿੱਚ ਇੰਤਿਹਾਪਸੰਦੀ ਦਾ ਧਰਮ ਹੈ, ਇਹ ਧਰਮ ਸਿੱਖਿਜ਼ਮ ਹੈ ਤੇ ਇਸ ਅੱਖਰ ਨੂੰ ਪਬਲਿਕ ਰਿਪੋਰਟ ਵਿੱਚੋਂ ਹਟਾਇਆ ਨਹੀਂ ਸੀ ਜਾਣਾ ਚਾਹੀਦਾ। ਦੂਜੇ ਪਾਸੇ ਓ ਐਸ ਜੀ ਸੀ ਵੱਲੋਂ ਉਸ ਰਿਪੋਰਟ ਵਿੱਚੋਂ ਸਿੱਖ ਇੰਤਿਹਾਪਸੰਦੀ ਸਬਦ ਨੂੰ ਹਟਾਉਣ ਲਈ ਪੂਰਾ ਜੋਰ ਲਾਇਆ ਗਿਆ। ਓ ਐਸ ਜੀ ਸੀ ਵੱਲੋਂ ਹੋਰਨਾਂ ਸਿੱਖ ਜਥੇਬੰਦੀਆਂ ਨਾਲ ਰਲ ਕੇ ਪਬਲਿਕ ਸੇਫਟੀ ਮੰਤਰੀ ਕੋਲ ਸਾਂਝੇ ਤੌਰ ਉੱਤੇ ਇਸ ਸਬਦ ਨੂੰ ਹਟਾਉਣ ਲਈ ਮਾਰੇ ਗਏ ਹੰਭਲੇ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਇਸ ਸਬਦ ਨੂੰ ਹਟਾਇਆ ਗਿਆ।

ਇਹ ਸਾਫ ਹੋ ਚੁੱਕਿਆ ਹੈ ਕਿ ਇਸ ਤਰ੍ਹਾਂ ਦੇ ਪੇਪਰ ਲੋਕਲ ਫੈਡਰਲ ਸਿਆਸਤ ਵਿੱਚ ਤਰਥੱਲੀ ਮਚਾਉਣ ਤੇ ਸਿੱਖ ਕਮਿਊਨਿਟੀ ਨੂੰ ਹਿੰਸਕ ਵਿਖਾਉਣ ਵਾਲੇ ਮੁੱਦੇ ਵਜੋਂ ਵਰਤੇ ਜਾਂਦੇ ਹਨ। ਸਾਡਾ ਮੰਨਣਾ ਹੈ ਕਿ ਟੈਰੀ ਦੇ ਇਸ ਪੇਪਰ ਰਾਹੀਂ ਕੈਨੇਡੀਅਨਾਂ ਦੇ ਮਨਾਂ ਵਿੱਚ ਸਿੱਖ ਭਾਈਚਾਰੇ ਖਿਲਾਫ ਮਾੜੀ ਭਾਵਨਾ ਜਗਾਉਣ ਦੀ ਕੋਸਿਸ ਕੀਤੀ ਗਈ। ਅਸੀਂ ਮੈਕਡੌਨਲਡ ਲਾਰੀਅਰ ਇੰਸਟੀਚਿਊਟ ਨੂੰ ਬੇਨਤੀ ਕਰਾਂਗੇ ਕਿ ਇਸ ਪੇਪਰ ਨੂੰ ਵਾਪਿਸ ਲਿਆ ਜਾਵੇ ਤੇ ਇਸ ਬਾਰੇ ਹੋਰਨਾਂ ਮੀਡੀਆ ਪਲੇਟਫਾਰਮਜ ਉੱਤੇ ਦਿੱਤੇ ਗਏ ਹਵਾਲਿਆਂ ਨੂੰ ਵੀ ਖਤਮ ਕੀਤਾ ਜਾਵੇ। ਟੈਰੀ ਨੇ ਨਿਰਅਧਾਰ, ਬਿਨਾਂ ਕਿਸੇ ਸਬੂਤ ਦੇ ਛਪੀਆਂ ਰਿਪੋਰਟਾਂ, ਸਬੂਤਾਂ ਦੀ ਪੁਸਟੀ ਕੀਤੇ ਬਿਨਾਂ ਆਪਣੀ ਵਿਚਾਰ ਪ੍ਰਗਟ ਕਰਨ ਦੀ ਆਜਾਦੀ ਦੀ ਦੁਰਵਰਤੋਂ ਕੀਤੀ ਹੈ। ਜੇ ਟੈਰੀ ਕੋਲ ਇੰਤਿਹਾਪਸੰਦੀ ਦੇ ਕਿਸੇ ਵੀ ਸੰਗਠਿਤ ਕਿਸਮ ਵਿੱਚ ਸਿੱਖ ਭਾਈਚਾਰੇ ਦਾ ਹੱਥ ਹੋਣ ਦਾ ਸਬੂਤ ਹੈ ਤਾਂ ਉਸ ਨੂੰ ਇਹ ਸਾਰਿਆਂ ਸਾਹਮਣੇ ਲਿਆਉਣਾ ਚਾਹੀਦਾ ਹੈ। ਸਾਨੂੰ ਆਸ ਹੈ ਕਿ ਐਮ ਐਲ ਆਈ ਇਸ ਪਾਸੇ ਧਿਆਲ ਦੇ ਕੇ ਬਣਦੀ ਕਾਰਵਾਈ ਕਰੇਗੀ।

# ਬਲੈਕ ਲਿਸਟ ਤੋਂ ਬਚਣ ਲਈ ਪਾਕਿਸਤਾਨ ਸਰਕਾਰ ਨੇ ਤਿੰਨ ਬਿੱਲ ਪਾਸ ਕਰਵਾਏ

*** ਅੜਿੱਕਾ ਪਿਆ ਤਾਂ ਪਾਰਲੀਮੈਂਟ ਦਾ ਸਾਂਝਾ ਸੈਸ਼ਨ ਕਰਨਾ ਪਿਆ**

ਇਸਲਾਮਾਬਾਦ, 20 ਸਤੰਬਰ, (ਪੋਸਟ ਬਿਊਰੋ)- ਅੱਤਵਾਦ ਦੀ ਫੰਡਿੰਗ ਦੇ ਦੋਸ਼ਾਂ ਨਾਲ ਬਹੁਤ ਬੁਰੀ ਤਰ੍ਹਾਂ ਘਿਰਿਆ ਹੋਣ ਕਾਰਨਪਾਕਿਸਤਾਨ ਇਸ ਵੇਲੇ ਫਾਈਨੈਂਸੀਅਲ ਐਕਸ਼ਨ ਟਾਕਸ ਫੋਰਸ (ਐੱਫ ਏ ਟੀ ਐੱਫ) ਦੀ ਬਲੈਕ ਲਿਸਟ ਤੋਂ ਬਚ ਸਕਣ ਦੇ ਦਾਅ ਲੱਭਣ ਦੇ ਯਤਨ ਕਰ ਰਿਹਾ ਹੈ। ਉਸ ਨੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੇ ਸਾਂਝੇ ਸੈਸ਼ਨ ਵਿੱਚਐੱਫ ਏ ਟੀ ਐੱਫਦੇ ਕਹੇ ਮੁਤਾਬਕ ਤਿੰਨ ਅਹਿਮ ਬਿੱਲ ਵੀ ਆਖਰ ਪਾਸ ਕਰਵਾ ਲਏ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪਾਕਿਸਤਾਨੀ ਪਾਰਲੀਮੈਂਟ ਦੇ ਹੇਠਲੇ ਹਾਊਸ ਕੌਮੀ ਅਸੈਂਬਲੀਵੱਲੋਂ ਪਾਸ ਕੀਤਾ ਅੱਤਵਾਦ-ਰੋਕੂ (ਸੋਧ) ਬਿੱਲ-2020 ਉੱਪਰਲੇ ਹਾਊਸ ਸੈਨੇਟ ਨੇ ਰੱਦ ਕਰ ਦਿੱਤਾ ਸੀ। ਇਹ ਐੱਫ ਏ ਟੀ ਐੱਫਨਾਲ ਸੰਬੰਧਤ ਤੀਸਰਾ ਬਿੱਲ ਸੀ, ਜਿਸਨੂੰ ਵਿਰੋਧੀ ਧਿਰ ਦੇ ਬਹੁਮਤ ਵਾਲੇ ਉੱਤਲੇ ਸਦਨਨੇਪਾਸ ਨਹੀਂ ਸੀ ਹੋਣ ਦਿੱਤਾ। ਏਦਾਂ ਹੀ ਸੈਨੇਟ ਨੇ ਪਿਛਲੇ ਮਹੀਨੇ ਐਂਟੀ-ਮਨੀ ਲਾਂਡਰਿੰਗ (ਦੂਜੀ ਸੋਧ) ਬਿੱਲ ਅਤੇ ਇਸਲਾਮਾਬਾਦ ਰਾਜਧਾਨੀ ਖੇਤਰ (ਆਈ ਸੀ ਟੀ) ਵਕਫ ਜਾਇਦਾਦ ਬਿੱਲ ਵੀ ਰੱਦ ਕਰ ਦਿੱਤਾ ਸੀ।ਇਹ ਬਿੱਲ ਐੱਫ ਏ ਟੀ ਐੱਫਦੀ ਗ੍ਰੇਅ ਸੂਚੀ ਵਿੱਚੋਂ ਬਾਹਰ ਨਿਕਲਣ ਅਤੇ ਵ੍ਹਾਈਟ ਸੂਚੀ ਵਿੱਚ ਜਾਣ ਦੀ ਪਾਕਿਸਤਾਨ ਦੀ ਕੋਸ਼ਿਸ਼ ਦਾ ਹਿੱਸਾ ਸਨ। ਸੰਵਿਧਾਨ ਦੀ 18ਵੀਂ ਸੋਧ ਹੇਠ ਜੇ ਇਕ ਹਾਊਸਤੋਂ ਪਾਸ ਬਿੱਲ ਦੂਸਰੇ ਹਾਊਸ ਵਿੱਚਰੱਦ ਹੋ ਜਾਂਦਾ ਹੈ, ਪਰ ਦੋਵਾਂ ਸਦਨਾਂ ਦੇ ਸਾਂਝੇ ਸੈਸ਼ਨ ਵਿੱਚ ਉਸ ਨੂੰ ਮਨਜ਼ੂਰੀ ਮਿਲ ਜਾਵੇ ਤਾਂ ਕਾਨੂੰਨ ਬਣ ਜਾਂਦਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਸਾਂਝੇ ਸੈਸ਼ਨ ਵਿੱਚਖੁਦ ਵੀ ਹਾਜ਼ਰ ਰਹੇ, ਜਿਸ ਦੀ ਪ੍ਰਧਾਨਗੀ ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸਦ ਕੈਸਰ ਨੇ ਕੀਤੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
★Real Estate
★Residential, Commercial & Franchise
★Criminal Law
★Family Law
★Affidavit, Power Of Attorney & Notarization
★Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6





Emergency Contact:
416.910.5676
www.shergilllawfirm.ca

# ਕੈਪਟਨ ਅਮਰਿੰਦਰ ਵੱਲੋਂ ਕਿਸਾਨਾਂ ਦੇ ਹੱਕਾਂ ਲਈ ਅੰਤਲੇ ਦਮ ਤੱਕ ਲੜਨ ਦਾ ਐਲਾਨ



ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਆਪਣੇ ਆਖਰੀ ਦਮ ਤੱਕ ਲੜਨ ਦਾ ਐਲਾਨ ਕਰਦੇ ਹੋਏ ਅੱਜ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਭਾਈਵਾਲਾਂ, ਅਕਾਲੀ ਦਲ ਸਮੇਤ, ਨੂੰ ਕੇਂਦਰ ਸਰਕਾਰ ਦੇ ਨਵੇਂ ਗੈਰ-ਸੰਵਿਧਾਨਿਕ, ਗੈਰ-ਲੋਕਤੰਤਰੀ ਅਤੇ ਕਿਸਾਨ ਵਿਰੋਧੀ ਕਾਨੂੰਨਾਂ ਕਾਰਨ ਅਦਾਲਤ ਵਿੱਚ ਵੀ ਘਸੀਟੇਗੀ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਰਾਜ ਸਭਾ ਵਿੱਚ ਧੱਕੇ ਨਾਲ ਬਿੱਲ ਪੇਸ਼ ਕਰ ਕੇ ਪਾਸ ਕਰਾਏ ਜਾਣ ਉੱਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਅਸੀਂ ਇਨ੍ਹਾਂ ਕਾਲੇ ਕਾਨੂੰਨਾਂ ਦੇ ਖਿਲਾਫ ਲੜਾਈ ਲੜਾਂਗੇ ਅਤੇ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਨ ਪਿੱਛੋਂ ਜਦੋਂ ਇਹ ਕਾਨੂੰਨ ਬਣ ਗਏ ਤਾਂ ਇਨ੍ਹਾਂ ਵਿਰੁੱਧ ਅਦਾਲਤਾਂ ਦਾ ਦਰ ਖੜਕਾਵਾਂਗੇ। ਉਨ੍ਹਾਂ ਨੇ ਵਿਰੋਧੀ ਧਿਰ ਵੱਲੋਂਉਠਾਏ ਸਵਾਲਾਂ ਤੇ ਸਦਨ ਵਿੱਚ ਲੋੜੀਂਦੀ ਗਿਣਤੀ ਨਾ ਹੋਣ ਦੇ ਬਾਵਜੂਦ ਰਾਜਾਂ ਤੋਂ ਖੇਤੀ ਖੇਤਰ ਦੇ ਅਧਿਕਾਰ ਖੋਹਣ ਵਾਲੇ ਇਨ੍ਹਾਂ ਵਿਵਾਦਤ ਬਿੱਲਾਂ ਲਈ'ਵੋਇਸ ਵੋਟ' ਦੀ ਰਣਨੀਤੀ ਅਪਣਾਉਣ ਉੱਤੇ ਵੀਸਵਾਲ ਖੜੇ ਕੀਤੇ। ਉਨ੍ਹਾਂ ਪੁੱਛਿਆ ਕਿ ਇਸ ਗੰਭੀਰ ਮੁੱਦੇ ਸਬੰਧੀ ਸਦਨ ਨੇ ਵੋਟਾਂ ਦਾਵੰਗ ਕਿਉਂ ਨਾ ਵਰਤਿਆ, ਕਿਉਂਕਿ ਇਸ ਮੁੱਦੇ ਬਾਰੇ ਐੱਨ ਡੀ ਏ ਗੱਠਜੋੜ ਵਿੱਚ ਵੀ ਇਕਸੁਰਤਾ ਨਹੀਂ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ, ਜਿਸ ਦਾ ਹਿੱਸਾ ਅਕਾਲੀ ਦਲ ਅਜੇ ਤੱਕ ਬਣਿਆ ਪਿਆ ਹੈ, ਨੂੰ ਪੰਜਾਬ ਦੀ ਸਰਕਾਰ ਅਜਿਹੇ ਜ਼ਾਲਮ ਕਾਨੂੰਨਾਂ ਰਾਹੀਂ ਕਿਸਾਨਾਂ ਦੇ ਹੱਕ ਆਪਣੇ ਪੈਰਾਂ ਹੇਠ ਕੁਚਲਣ ਦੀ ਖੁੱਲ੍ਹ ਨਹੀਂ ਦੇਵੇਗੀ। ਉਨ੍ਹਾਂ ਐਲਾਨ ਕੀਤਾ ਕਿ 'ਅਸੀਂ ਕਿਸਾਨਾਂ ਨਾਲ ਖੜ੍ਹੇ ਹਾਂ ਤੇ ਉਨ੍ਹਾਂ ਦੇ ਹਿੱਤਾਂ ਲਈ ਜੋ ਵੀ ਹੋ ਸਕਿਆ, ਉਹ ਕਰਾਂਗੇ।'ਉਨ੍ਹਾਂ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਕਿ 'ਭਾਜਪਾ ਤੇ ਉਸ ਦੇ ਭਾਈਵਾਲ ਇਸ ਦੀ ਕੋਈ ਪ੍ਰਵਾਹ ਨਹੀਂ ਕਰ ਰਹੇ ਕਿ ਇਨ੍ਹਾਂ ਕਾਨੂੰਨਾਂ ਨਾਲ ਕਿਸਾਨਾਂ ਦਾ ਕਿਨਾਂ ਨੁਕਸਾਨ ਹੋਵੇਗਾ।' ਉਨ੍ਹਾ ਚਿਤਾਵਨੀ ਦਿੱਤੀ ਹੈ ਕਿ ਭਾਜਪਾ ਵੱਲੋਂ ਮਹੱਤਵਪੂਰਨ ਦੱਸਿਆ ਗਿਆ ਇਹ ਬਿੱਲ ਕਿਸਾਨੀ ਲਈ ਮੌਤ ਸਿੱਧ ਹੋਵੇਗਾ, ਜਿਸ ਨਾਲ ਦੇਸ਼ ਦੀ ਅਨਾਜ ਸੁਰੱਖਿਆ ਨੂੰ ਵੱਡਾ ਖ਼ਤਰਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਬਿੱਲਾਂ ਨੂੰ ਵਾਹੋਦਾਹੀ ਵਿੱਚ ਕੇਂਦਰ ਸਰਕਾਰ ਵੱਲੋਂ ਪਾਸ ਕਰਵਾਉਣਾ ਹੀ ਜ਼ਾਹਰ ਕਰਦਾ ਹੈ ਕਿ ਉਸ ਨੂੰ ਕਿਸਾਨਾਂ ਜਾਂ ਖੇਤੀ ਖੇਤਰ ਦੀ ਕੋਈ ਪ੍ਰਵਾਹ ਨਹੀਂ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੁੱਛਿਆ ਕਿਜੇ ਇਹ ਬਿੱਲ ਸਚਮੁੱਚ ਕਿਸਾਨਾਂ ਦੇ ਹਿੱਤ ਵਿੱਚ ਹਨ ਤਾਂ ਕਿਸਾਨ ਸੜਕਾਂ 'ਤੇ ਮੁਜਾਹਰੇ ਕਿਉਂ ਕਰ ਰਹੇ ਹਨ?' ਉਨ੍ਹਾਂ ਕਿਹਾ ਕਿ ਕਿਸਾਨ ਮੂਰਖ ਨਹੀਂ ਅਤੇ ਜੇ ਉਨ੍ਹਾਂ ਦੀ ਨਜ਼ਰ ਵਿੱਚ ਇਹ ਬਿੱਲ ਉਨ੍ਹਾਂ ਦੇ ਹਿੱਤਾਂ ਦੇ ਖਿਲਾਫ ਨਾ ਹੁੰਦੇ ਤਾਂ ਉਹ ਮਹਾਂਮਾਰੀ ਦੇ ਬਾਵਜੂਦ ਦਿੱਲੀ ਵੱਲ ਚਾਲੇ ਨਾ ਪਾਉਂਦੇ।

## ਅੱਜ ਨਾਮਾ

ਵਧਦੀ ਜਾਂਦੀ ਕਿਸਾਨਾਂ ਦੀ ਲਹਿਰ ਬੇਲੀ,
ਹੋਇਆ ਜਿਨ੍ਹਾਂ ਦੇ ਨਾਲ ਹੈ ਕਹਿਰ ਬੇਲੀ।
ਕਰਿਆ ਤਾਜ਼ਾ ਹੈ ਪਾਸ ਕਾਨੂੰਨ ਜਿਹੜਾ,
ਕਿਸਾਨਾਂ ਵਾਸਤੇ ਸਾਫ ਹੈ ਜ਼ਹਿਰ ਬੇਲੀ।
ਭੜਕੇ ਆੜ੍ਹਤੀ ਨਾਲ ਹਨ ਬਹੁਤ ਸੁਣਦੇ,
ਆਖਣ ਹੋਈ ਵਧੀਕੀ ਆ ਗਹਿਰ ਬੇਲੀ।
ਉੱਠੀ ਜਿੰਦਾਂ ਦੀ ਥਾਂਉਂ ਥਾਂ ਲਹਿਰ ਬੇਲੀ,
ਪੈਣੀ ਛੇਤੀ ਨਹੀਂ ਏਸ ਨੂੰ ਠਹਿਰ ਬੇਲੀ।
ਓਧਰ ਭਾਜਪਾ ਨੇ ਕਰ ਲਈ ਅੜੀ ਡਾਢੀ,
ਮਿਥ-ਮਿਥ ਚੱਲਦੀ ਪਈ ਆ ਚਾਲ ਬੇਲੀ।
ਲੱਗਦੀ ਨੀਤ ਬਦਨੀਤ ਇਹ ਸਾਫ ਬੇਲੀ,
ਕਰ ਦੇਊ ਮੁਲਕ ਦਾ ਮੰਦੜਾ ਹਾਲ ਬੇਲੀ।

**ਤੀਸ ਮਾਰ ਖਾਂ**

# ਕਿਸਾਨ ਬਿੱਲਾਂ ਦੇ ਤਿੱਖੇ ਵਿਰੋਧ ਕਾਰਨ ਦਿੱਲੀ ਬਾਰਡਰ ਉੱਤੇ ਹਾਈ ਅਲਰਟ



ਨਵੀਂ ਦਿੱਲੀ, 20 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪਾਸ ਕਰਵਾਏ ਗਏ ਖੇਤੀ ਬਿੱਲਾਂ ਦੇ ਖਿਲਾਫ ਹਰ ਪਾਸੇ ਤੋਂ ਨਰਿੰਦਰ ਮੋਦੀ ਸਰਕਾਰ ਨੂੰ ਘੇਰਨ ਦੀਆਂ ਕੋਸ਼ਿਸ਼ਾਂ ਪਹਿਲਾਂ ਤੋਂ ਤੇਜ਼ ਹੋ ਗਈਆਂ ਹਨ। ਪੰਜਾਬ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰ-ਟਰਾਲੀਆਂ ਲੈ ਕੇ ਦਿੱਲੀ ਨੂੰ ਤੁਰ ਪਏ ਹਨ। ਇਸ ਤੋਂ ਬਿਨਾ ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਵਿਰੋਧ ਪ੍ਰਦਰਸ਼ਨਾਂ ਲਈ ਸੜਕ 'ਤੇ ਆ ਗਈਆਂ ਹਨ। ਉਨ੍ਹਾ ਦੇ ਰੋਹ ਕਾਰਨ ਦਿੱਲੀ ਪੁਲਿਸ ਵੀ ਅਲਰਟ ਉੱਤੇ ਹੈ ਅਤੇ ਗੁਆਂਢੀ ਰਾਜਾਂ ਦੇ ਕਿਸਾਨਾਂ ਨੂੰ ਦਿੱਲੀ ਦੀ ਸਰਹੱਦ 'ਤੇ ਰੋਕਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ ਹਨ। ਨਿਊਜ਼ ਏਜੰਸੀ ਏਐਨਆਈ ਦੇ ਅਨੁਸਾਰਗੁਆਂਢੀ ਰਾਜਾਂ ਵਿੱਚ ਕਿਸਾਨਾਂ ਦੇ ਵਿਰੋਧ ਬਾਰੇ ਦਿੱਲੀ ਪੁਲਿਸ ਇਸ ਵੇਲੇ ਹਾਈ ਅਲਰਟ ਉੱਤੇ ਹੈ। ਇਸ ਬਾਰੇ ਦਿੱਲੀ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਸ਼ੋਕ ਨਗਰ-ਗਾਜੀਪੁਰ ਖੇਤਰ ਅਤੇ ਦਿੱਲੀ ਹਰਿਆਣਾ ਦੀ ਸਰਹੱਦ 'ਤੇ ਜਵਾਨਾਂ ਦੀ ਤਾਇਨਾਤ ਕੀਤੀ ਗਈ ਹੈ। ਉਨ੍ਹਾ ਦਾ ਕਹਿਣਾ ਹੈ ਕਿ ਦਿੱਲੀ ਪੁਲਿਸ ਨੇ ਇਹ ਸਾਰੀ ਕਾਰਵਾਈ ਸਾਵਧਾਨੀ ਵਜੋਂ ਕੀਤੀ ਹੈ। ਇਸ ਦੌਰਾਨ ਦਿੱਲੀ ਵੱਲ ਜਾ ਰਹੇ ਪੰਜਾਬ ਦੇ ਕਿਸਾਨਾਂ ਦੇ ਟਰੈਕਟਰ ਕਾਫਲੇ ਰੋਕਣ ਲਈ ਵਿਚਲੇ ਰਾਜ ਹਰਿਆਣਾ ਦੀ ਸਰਕਾਰ ਵੀ ਚੌਕਸ ਕੀਤੀ ਗਈ ਹੈ। ਅੱਜ ਹਰਿਆਣਾ ਦੇ ਬਾਰਡਰ ਉੱਤੇ ਪੰਜਾਬ ਦੇ ਕਿਸਾਨਾਂ ਦੇ ਟਰੈਕਟਰ ਕਾਫਲੇ ਨੂੰ ਰੋਕਣ ਲਈ ਹਰਿਅਣਾ ਪੁਲਸ ਦੀ ਸਖਤੀ ਕਾਰਨ ਝੜਪ ਵੀ ਹੋ ਗਈ, ਜਿਸ ਦੌਰਾਨ ਇੱਕ ਟਰੈਕਟਰ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ। ਇਹ ਰੋਹ ਸਿਰਫ ਪੰਜਾਬ ਵਿੱਚ ਨਹੀਂ, ਹਰਿਆਣਾ ਵਿੱਚ ਵੀ ਅਤੇ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲੇ ਦੇ ਕਿਸਾਨਾਂ ਵਿੱਚ ਵੀ ਕਾਫੀ ਜ਼ੋਰ ਫੜਦਾ ਜਾ ਰਿਹਾ ਹੈ, ਜਿਸ ਕਾਰਨ ਸੁਰੱਖਿਆ ਏਜੰਸੀਆਂ ਚੌਕਸ ਹਨ।

# ਅਕਾਲੀ ਦਲ ਵੱਲੋਂ ਕਿਸਾਨਾਂ ਲਈ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਦੀਆਂ ਗੱਲਾਂ

* ਸੁਖਬੀਰ ਤੇ ਹਰਸਿਮਰਤ ਕੌਰ ਨੇ ਦਰਬਾਰ ਸਾਹਿਬ ਜਾਣਾ ਟਾਲਿਆ





ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਦਾ 21 ਸਤੰਬਰ ਨੂੰ ਅੰਮ੍ਰਿਤਸਰ ਦੌਰਾ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਇਸ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਜਾਣਾ ਸੀ। ਪਾਰਟੀ ਦੇ ਮੁਤਾਬਕ ਇਹ ਦੌਰਾ ਅੱਜ ਐਤਵਾਰ ਨੂੰ ਰਾਜ ਸਭਾ 'ਚ ਵਾਪਰੇ ਘਟਨਾਕ੍ਰਮ ਦੇ ਕਾਰਨ ਮੁਲਤਵੀ ਕੀਤਾ ਗਿਆ ਹੈ, ਜਿਸ ਪਿੱਛੋਂ ਅਕਾਲੀ ਦਲ ਨੇ ਰਾਸ਼ਟਰਪਤੀ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਿੱਤ 'ਚ ਖੇਤੀ ਬਿੱਲਾਂ ਨੂੰ ਮਨਜ਼ੂਰੀ ਨਾ ਦੇਣ ਲਈ ਕਿਹਾ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਇਸ ਦੌਰੇ ਦੌਰਾਨ ਇਨ੍ਹਾਂ ਦੋਵਾਂ ਦਾ ਵਿਰੋਧ ਕੀਤੇ ਜਾਣ ਦਾ ਵੀ ਡਰ ਸੀ।

ਇਸ ਸੰਬੰਧ ਵਿੱਚ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਬਾਦਲ ਦੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜਾਣ ਦੇ ਪ੍ਰੋਗਰਾਮ ਵਿੱਚ ਤਬਦੀਲੀ ਰਾਜ ਸਭਾ ਵਿੱਚ ਵਾਪਰੇ ਘਟਨਾਕ੍ਰਮ ਤੇ ਬਿੱਲਾਂ ਨੂੰ ਆਵਾਜ਼ ਦੀ ਵੋਟ ਨਾਲ ਪਾਸ ਕਰਨ ਦੇ ਬਾਅਦ ਪੈਦਾ ਹੋਏ ਹਾਲਾਤ ਕਾਰਨ ਕੀਤੀ ਗਈ ਹੈ।

ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਇਹ ਅਪੀਲ ਵੀ ਕਰ ਦਿੱਤੀ ਹੈ ਕਿ ਉਹ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਬਿੱਲਾਂ 'ਤੇ ਦਸਖਤ ਨਾ ਕਰਨ। ਉਨ੍ਹਾ ਨੇ ਰਾਸ਼ਟਰਪਤੀ ਨੂੰ ਇਹੋ ਜਿਹੀ ਅਪੀਲ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਜੀ ਖੇਤੀਬਾੜੀ ਬਿਲਾਂ ਉਤੇ ਹਸਤਾਖਰ ਨਾ ਕਰੋ ਅਤੇ ਇਨ੍ਹਾਂ ਬਿੱਲਾਂ ਨੂੰ ਮੁੜਕੇ ਵਿਚਾਰ ਕਰਨ ਲਈ ਪਾਰਲੀਮੈਂਟ ਨੂੰ ਭੇਜ ਦਿਓ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਅਨਾਜ ਮੰਡੀ ਦੇ ਮਜ਼ਦੂਰਾਂ ਅਤੇ ਦਲਿਤਾਂ ਲਈ ਰਾਸ਼ਟਰਪਤੀ ਇਸ ਮਾਮਲੇ ਵਿੱਚਦਖਲ ਦੇਣ, ਨਹੀਂ ਤਾਂ ਲੋਕ-ਨੁਮਾਇੰਦਾ ਹੋਣ ਦੇ ਨਾਤੇ ਆਮ ਲੋਕ ਸਾਨੂੰ ਮੁਆਫ਼ ਨਹੀਂ ਕਰਨਗੇ। ਛੋਟੇ ਬਾਦਲ ਨੇ ਕਿਹਾ ਕਿ ਲੋਕਤੰਤਰ ਦਾ ਅਰਥ ਆਮ ਸਹਿਮਤੀ ਹੈ, ਜ਼ੁਲਮ ਨਹੀ, ਜੇ'ਅੰਨ-ਦਾਤਾ' ਕਿਸਾਨ ਖੁਦ ਭੁੱਖਾ ਮਰਨ ਜਾਂ ਸੜਕਾਂ ਉੱਤੇ ਸੌਣ ਲਈ ਮਜਬੂਰ ਹੋ ਜਾਵੇਗਾ ਤਾਂ ਉਹ ਲੋਕਤੰਤਰ ਲਈ ਸੱਚਮੁੱਚ ਸਭ ਤੋਂ ਦੁਖਦਾਈ ਦਿਨ ਗਿਣਿਆ ਜਾਵੇਗਾ।

ਮਸਾਂ ਇੱਕ ਹਫਤਾ ਪਹਿਲਾਂ ਤੱਕ ਖੇਤੀ ਬਿੱਲਾਂ ਅਤੇ ਮੋਦੀ ਸਰਕਾਰ ਦੇ ਹੱਕ ਵਿੱਚ ਡਟਿਆ ਰਹਿਣ ਵਾਲਾ ਅਕਾਲੀ ਦਲ ਬਾਦਲ ਪਿਛਲੇ ਹਫਤੇ ਦੌਰਾਨ ਏਨਾ ਪਲਟੀ ਮਾਰ ਗਿਆ ਹੈ ਕਿ ਉਸ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਤੇ ਅੱਜ ਕਿਸਾਨਾਂ ਦੇ ਹੱਕ ਵਿੱਚ ਖੁਲ੍ਹ ਕੇ ਮੋਦੀ ਸਰਕਾਰ ਖਿਲਾਫ ਮੈਦਾਨ ਵਿੱਚ ਆ ਗਿਆ ਹੈ। ਅੱਜ ਸੀਨੀਅਰਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਇਹ ਵੀ ਕਹਿ ਦਿੱਤਾ ਕਿ ਅਕਾਲੀ ਦਲ ਵੱਲੋਂ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਦੀ ਤੁਲਨਾ ਅੰਗਰੇਜ਼ਾਂ ਨਾਲ ਵੀ ਕਰ ਦਿੱਤੀ ਹੈ।

# ਧਰਨੇ ਦੌਰਾਨ ਗੱਲਬਾਤ ਲਈ ਥਾਣੇ ਗਏ ਲੋਕ ਇਨਸਾਫ ਪਾਰਟੀ ਦੇ ਆਗੂਆਂ ਦੀ ਪੁਲਸ ਨਾਲ ਝੜਪ

*ਗਿਆਸਪੁਰਾ ਦੀ ਪੱਗ ਲੱਥੀ, ਐੱਸਐੱਚਓ ਦੀ ਵਰਦੀ ਪਾਟੀ

ਪਾਇਲ, ਲੁਧਿਆਣਾ, 20 ਸਤੰਬਰ, (ਪੋਸਟ ਬਿਊਰੋ)- ਐਤਵਾਰ ਸ਼ਾਮ ਥਾਣਾ ਪਾਇਲ ਅੱਗੇ ਲੋਕ ਇਨਸਾਫ਼ ਪਾਰਟੀ ਵੱਲੋਂ ਲਾਏ ਧਰਨੇ ਦੌਰਾਨ ਓਦੋਂ ਹੰਗਾਮਾ ਹੋ ਗਿਆ, ਜਦੋਂ ਪਿੰਡ ਮਕਸੂਦੜਾ ਦੇ ਇੱਕ ਕੇਸਵਿੱਚ ਮਨਵਿੰਦਰ ਸਿੰਘ ਗਿਆਸਪੁਰਾ ਤੇ ਉਨ੍ਹਾਂ ਦੇ ਸਾਥੀ ਥਾਣੇ ਵਿੱਚ ਗੱਲਬਾਤ ਕਰਨ ਗਏ ਤਾਂ ਓਥੇ ਕਿਸੇ ਗੱਲ ਬਾਰੇ ਝਗੜਾ ਏਨਾ ਵਧ ਗਿਆ ਕਿਪੁਲਿਸਅਤੇ ਲੋਕ ਇਨਸਾਫ਼ ਪਾਰਟੀ ਦੇ ਕਾਰਕੁੰਨਾਂ 'ਚ ਧੱਕਾ ਮੁੱਕੀ ਹੋ ਗਈ। ਇਸ ਪਿੱਛੋਂਪੁਲਿਸਨੇ ਲਾਠੀਚਾਰਜ ਕਰ ਦਿੱਤਾ ਤੇਇਸ ਝੜਪ ਦੌਰਾਨ ਐੱਸਐੱਚਓ ਕਰਨੈਲ ਸਿੰਘ ਦੇ ਕੱਪੜੇ ਫਟਗਏ ਤੇ ਗਿਆਸਪੁਰਾ ਤੇ ਹੋਰਨਾਂ ਦੀਆਂ ਪੱਗਾਂ ਲੱਥ ਗਈਆਂ। ਪੁਲਿਸਦੇ ਲਾਠੀਚਾਰਜ ਦੌਰਾਨ ਲੋਕ ਇਨਸਾਫ਼ ਪਾਰਟੀ ਦੇ ਕੁਝ ਲੋਕਾਂ ਨੇ ਇੱਟਾਂ ਰੋੜੇ ਵਰ੍ਹਾਏ।

ਪਤਾ ਲੱਗਾ ਹੈ ਕਿ ਅੱਜ ਪਾਇਲ ਥਾਣੇ ਮੂਹਰੇ ਲੋਕ ਇਨਸਾਫ਼ ਪਾਰਟੀ ਵੱਲੋਂ ਧਰਨੇ ਦਾ ਕਾਰਨ ਪਿੰਡ ਮਕਸੂਦੜਾ ਦੇ ਸਰਪੰਚ ਅਤੇ ਇੱਕ ਪੰਚ ਵੱਲੋਂ ਕੱਚੇ ਮਕਾਨਾਂ ਨੂੰ ਪਾਸ ਕਰਾਉਣ ਬਦਲੇ ਪਿੰਡ ਦੇ ਕੁਝ ਲੋਕਾਂ ਵੱਲੋਂ ਲਾਇਆ ਪੈਸੇ ਲੈਣ ਦਾ ਦੋਸ਼ ਸੀ। ਇਸ ਬਾਰੇ ਸ਼ਿਕਾਇਤ ਕਰਤਾ ਨੇ ਥਾਣਾ ਪਾਇਲ ਅਤੇ ਐੱਸਡੀਐੱਮ ਪਾਇਲ ਨੂੰ ਦਰਖ਼ਾਸਤ ਦਿੱਤੀ ਸੀ, ਜਿਸ ਦੀ ਸੁਣਵਾਈ ਨਾ ਹੋਣ 'ਤੇ ਲੋਕ ਇਨਸਾਫ਼ ਪਾਰਟੀ ਨੇ ਮਨਵਿੰਦਰ ਸਿੰਘ ਗਿਆਸਪੁਰਾ ਦੀ ਅਗਵਾਈ ਵਿੱਚ ਥਾਣਾ ਪਾਇਲ ਵਿਖੇ ਧਰਨਾ ਲਾਇਆ ਸੀ।ਗਿਆਸਪੁਰਾ ਦਾ ਕਹਿਣਾ ਹੈ ਕਿ ਰਿਸ਼ਵਤ ਦੇ ਕੇਸ ਵਿੱਚ ਪਿੰਡ ਮਕਸੂਦੜਾ ਦੇ ਸਰਪੰਚ ਅਤੇ ਪੰਚਾਇਤ ਮੈਂਬਰ ਦੇ ਪਤੀ ਖਿਲਾਫ਼ ਇਨਸਾਫ਼ ਦੀ ਮੰਗ ਕੀਤੀ ਤਾਂ ਪੁਲੀਸ ਮੁਲਾਜ਼ਮਾਂ ਨੇ ਅੰਦਰ ਸੱਦ ਕੇ ਧੱਕਾ-ਮੁੱਕੀ ਕੀਤੀ ਅਤੇ ਉਸਦੀ ਦਸਤਾਰ ਲਾਹ ਦਿੱਤੀ। ਉਨ੍ਹਾ ਨੇ ਧੱਕਾ-ਮੁੱਕੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਸ਼ ਲਾਇਆ ਕਿ ਐੱਸਐੱਚਓ ਮਲੌਦ ਨੇ ਉਨ੍ਹਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਅਤੇ ਕੁੱਟਮਾਰ ਕੀਤੀ ਹੈ।

ਦੂਸਰੇ ਪਾਸੇ ਐੱਸਐੱਚਓ ਜਸਪਾਲ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਨੋਟ ਕਰਵਾ ਕੇ 21 ਸਤੰਬਰ ਨੂੰ 11 ਵਜੇ ਥਾਣੇ ਸੱਦਿਆ ਸੀ, ਜਿਸ ਬਾਰੇ ਗਿਆਸਪੁਰਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਬਜ਼ਿੰਦ ਰਹੇ। ਥਾਣਾ ਮੁਖੀ ਨੇ ਦੋਸ਼ ਲਾਇਆ ਕਿ ਗਿਆਸਪੁਰਾ ਨੇ ਉਸ ਨਾਲ ਹੱਥੋਪਾਈ ਕਰਕੇ ਉਨ੍ਹਾਂ ਦੇ ਕੱਪੜੇ ਪਾੜ ਦਿੱਤੇ ਹਨ।

# ਆਈ ਪੀ ਐੱਲ ਕ੍ਰਿਕਟ: ਦਿੱਲੀ ਨੇ ਰੋਮਾਂਚਕ ਮੈਚ ਵਿੱਚ ਪੰਜਾਬ ਟੀਮ ਨੂੰ ਸੁਪਰ ਓਵਰ ਵਿੱਚ ਹਰਾਇਆ



ਆਬੂ ਧਾਬੀ, 20 ਸਤੰਬਰ, (ਪੋਸਟ ਬਿਊਰੋ)- ਐਤਵਾਰ ਨੂੰ ਦੁਬਈ ਵਿੱਚ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਦੇ ਦੂਸਰੇ ਦਿਨ ਬਹੁਤ ਰੋਮਾਂਚਕ ਮੁਕਾਬਲਾ ਦੇਖਣ ਨੂੰ ਮਿਲਿਆ। ਦਿੱਲੀ ਕੈਪੀਟਲਜ਼ ਦੀ ਟੀਮ ਨੇ ਕਿੰਗਜ਼ ਇਲੈਵਨ ਪੰਜਾਬ ਨੂੰ ਸੁਪਰ ਓਵਰ ਵਿੱਚ ਪੁੱਜ ਕੇ ਮੁਕਾਬਲੇ ਵਿੱਚ ਹਰਾ ਕੇ ਟੂਰਨਾਮੈਂਟ ਵਿੱਚ ਜਿੱਤ ਨਾਲ ਆਗਾਜ਼ ਕੀਤਾ। ਇਸ ਤੋਂ ਪਹਿਲਾਂ ਬੱਲੇਬਾਜ਼ੀ ਸ਼ੁਰੂ ਕਰਦੇ ਹੋਏ ਦਿੱਲੀ ਟੀਮ ਨੇ ਮਾਰਕਸ ਸਟੋਈਨਿਸ ਦੇ ਧਮਾਕੇਦਾਰ ਅਰਧ ਸੈਂਕੜੇ ਦੇ ਦਮ 'ਤੇ ਅੱਠ ਵਿਕਟਾਂ 'ਤੇ 157 ਦੌੜਾਂ ਦਾ ਸਕੋਰ ਖੜ੍ਹਾ ਕੀਤਾ ਸੀ। ਇਸ ਦੇ ਜਵਾਬ ਵਿੱਚ ਪੰਜਾਬ ਦੀ ਟੀਮ ਨੇ ਮਯੰਕ ਅਗਰਵਾਲ ਦੀ 89 ਦੌੜਾਂ ਦੀ ਪਾਰੀ ਦੇ ਦਮ ਉੱਤੇ ਅੱਠ ਵਿਕਟਾਂ ਉੱਤੇ 157 ਦੌੜਾਂ ਬਣਾਈਆਂ ਤੇ ਮੈਚ ਟਾਈ ਹੋ ਗਿਆ। ਸਕੋਰ ਬਰਾਬਰ ਹੋਣ ਪਿੱਛੋਂ ਜੇਤੂ ਦਾ ਫ਼ੈਸਲਾ ਸੁਪਰ ਓਵਰ ਨਾਲ ਕੀਤਾ ਗਿਆ। ਦਿੱਲੀ ਵੱਲੋਂ ਕੈਗਿਸੋ ਰਬਾਦਾ ਨੇ ਪੰਜਾਬ ਨੂੰ ਸਿਰਫ਼ ਦੋ ਦੌੜਾਂ 'ਤੇ ਆਲ ਆਊਟ (ਸੁਪਰ ਓਵਰ ਵਿੱਚ ਦੋ ਬੱਲੇਬਾਜ਼ ਆਊਟ ਹੋਣ 'ਤੇ ਟੀਮ ਆਲ ਆਊਟ ਮੰਨੀ ਜਾਂਦੀ ਹੈ) ਕਰ ਦਿੱਤਾ। ਪੰਜਾਬ ਵੱਲੋਂ ਬੱਲੇਬਾਜ਼ੀ ਕਰਨ ਆਏ ਕਪਤਾਨ ਕੇਐੱਲ ਰਾਹੁਲ ਦੋ ਦੌੜਾਂ ਬਣਾ ਕੇ ਆਊਟ ਹੋ ਗਏ ਅਤੇ ਗਲੇਨ ਮੈਕਸਵੈਲ ਖ਼ਾਤਾ ਵੀ ਨਹੀਂ ਖੋਲ੍ਹ ਸਕੇ। ਇਸ ਦੇ ਬਾਅਦ ਦਿੱਲੀ ਨੇ ਬਿਨਾਂ ਵਿਕਟ ਗੁਆਏ ਤੀਜੀ ਗੇਂਦ ਉੱਤੇ ਇਹ ਟੀਚਾ ਹਾਸਲ ਕਰ ਕੇ ਜਿੱਤ ਦਰਜ ਕਰ ਲਈ।




Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**


**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.


**Mississisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.


**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# Ride Ontario's Heritage Railway

**SPECIAL RIDES**
**FALL COLOURS TOURS**




**Starts From Sep 27**
**Reservation only**

SOUTH SIMCOE RAILWAY
ONTARIO'S FIRST STEAM HERITAGE RAILWAY

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ




*Ask about on-board Birthday Parties!*



**ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ**

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com

**For complete information, fares & schedules, please visit southsimcoerailway.ca**

GPS 44 . 01 . 19 N
79 . 48 . 27 W

or call: **905.936.5815**

VISA MasterCard Interac



jobs! jobs! jobs! jobs! jobs!

DUNDAS · JAFINE

# HELP WANTED

**ਕਾਮਿਆਂ ਦੀ ਲੋੜ**

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
**Our Priority**

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# Steinmetz & Associates

PERSONAL INJURY LAWYERS



**Harry Steinmetz**
Certified as Specialist by the Law Society of Ontario in Civil Litigation
(with over 27yrs. of experience)



**BOBBY SIDHU**
partner
(Serving the Community for Over 16 yrs.)

**ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?**

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

**GURSHARAN BOBBY SIDHU**

**647.539.3020**

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਬਜ਼ੁਰਗ ਰੋਗੀ, ''ਡਾਕਟਰ ਸਾਹਿਬ, ਮੇਰੀ ਸੱਜੀ ਲੱਤ 'ਚ ਦਰਦ ਹੈ।''
ਡਾਕਟਰ, ''ਇਹ ਤਾਂ ਬੁਢਾਪੇ ਦੇ ਕਾਰਨ ਹੈ।''
ਮਰੀਜ਼, ''...ਪਰ ਡਾਕਟਰ ਸਾਹਿਬ, ਮੇਰੀ ਦੂਜੀ ਲੱਤ ਵੀ ਤਾਂ ਓਨੀ ਉਮਰ ਦੀ ਹੈ।''

*********

ਛੋਟੇ ਬੱਚੇ ਨੇ ਆਪਣੇ ਪਿਤਾ ਤੋਂ ਪੁੱਛਿਆ, ''ਕੀ ਅਸੀਂ ਜਹਾਜ਼ ਰਾਹੀਂ ਭਗਵਾਨ ਤੱਕ ਪਹੁੰਚ ਸਕਦੇ ਹਾਂ।''
ਪਿਤਾ ਨੇ ਜਵਾਬ ਦਿੱਤਾ, ''ਭਗਵਾਨ ਕੋਲ ਤਾਂ ਕਾਰ 'ਚ ਬੈਠ ਕੇ ਵੀ ਪਹੁੰਚਿਆ ਜਾ ਸਕਦਾ ਹੈ, ਜੇ ਕਾਰ ਤੇਰੀ ਮੰਮੀ ਚਲਾ ਰਹੀ ਹੋਵੇ ਤਾਂ।''

*********

# ਪੰਜਾਬ ਦਾ ਸਭ ਤੋਂ ਵੱਡਾ ਦਰਿਆ ਸਤਲੁਜ

-ਬਲਵਿੰਦਰ ਸਿੰਘ ਸਿਪਰੇ-



ਪਾਣੀ ਬਿਨਾਂ ਧਰਤੀ ਉਤੇ ਜੀਵਨ ਭਾਵ ਜੀਵ-ਜੰਤੂਆਂ ਤੇ ਇਨਸਾਨਾਂ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹੋ ਕਾਰਨ ਹੈ ਕਿ ਪ੍ਰਾਚੀਨ ਕਾਲ ਵਿੱਚ ਜਦੋਂ ਇਨਸਾਨ ਨੇ ਬਸਤੀਆਂ ਬਣਾ ਕੇ ਸਭਿਅਕ ਢੰਗ ਨਾਲ ਰਹਿਣਾ ਸ਼ੁਰੂ ਕੀਤਾ ਤਾਂ ਉਸ ਨੇ ਆਪਣੇ ਰਹਿਣ ਲਈ ਦਰਿਆਵਾਂ ਅਤੇ ਪਾਣੀ ਦੇ ਹੋਰ ਸਰੋਤਾਂ ਦੇ ਕੰਢਿਆਂ ਨੂੰ ਚੁਣਿਆ। ਇਸੇ ਤਰ੍ਹਾਂ ਭਾਰਤ ਦੀ ਸਿੰਧੂ ਘਾਟੀ ਜਾਂ ਹੜੱਪਾ ਸਭਿਅਤਾ ਮੁੱਖ ਤੌਰ 'ਤੇ ਪੰਜਾਬ ਦੀ ਜ਼ਮੀਨ ਉੱਤੇ ਫੁੱਲੀ-ਫਲੀ। ਇਹ ਸਿੰਧੂ ਦਰਿਆ ਤੋਂ ਲੈ ਕੇ ਜਮਨਾ ਤੱਕ ਅਤੇ ਸੂਬਾ ਸਿੰਧ, ਬਲੋਚਿਸਤਾਨ ਤੇ ਗੁਜਰਾਤ ਤੱਕ ਫੈਲੀ ਹੋਈ ਸੀ। ਗੁਰੂ ਨਾਨਕ ਦੇਵ ਨੇ ਪਾਣੀ ਨੂੰ ਪਿਤਾ ਕਿਹਾ ਹੈ। ਉਨ੍ਹਾਂ 'ਆਸਾ ਦੀ ਵਾਰ' ਵਿੱਚ ਫਰਮਾਇਆ ਹੈ :

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

'ਪੰਜਾਬ' ਦਾ ਇਹ ਨਾਂ ਹੀ ਇਸ ਦੇ ਦਰਿਆਵਾਂ ਸਦਕਾ ਪਿਆ ਹੈ-ਪੰਜ ਦਰਿਆਵਾਂ ਦੀ ਧਰਤੀ। ਇਹ ਦਰਿਆ ਪੂਰੇ ਉੱਤਰੀ ਭਾਰਤ ਨੂੰ ਕੁਦਰਤ ਦਾ ਨਾਯਾਬ ਤੋਹਫਾ ਹਨ। ਇਨ੍ਹਾਂ ਦਾ ਪੂਰੇ ਉੱਤਰੀ ਭਾਰਤ 'ਤੇ ਭੂਗੋਲਿਕ, ਇਤਿਹਾਸਕ, ਸਭਿਆਚਾਰਕ, ਧਾਰਮਿਕ, ਸਿਆਸੀ ਤੇ ਆਰਥਿਕ ਪੱਖੋਂ ਗੂੜ੍ਹਾ ਅਸਰ ਹੈ। ਇਹ ਸਾਰੇ ਉੱਤਰ ਭਾਰਤ ਦੀ ਹੀ ਜੀਵਨ ਧਾਰਾ ਹਨ। ਇਹ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਚੰਡੀਗੜ੍ਹ ਤੇ ਦਿੱਲੀ ਤੱਕ ਦੇ ਲੋਕਾਂ ਦੇ ਖੇਤਾਂ ਦੀ ਪਿਆਸ ਬੁਝਾਉਂਦੇ ਤੇ ਆਪਣੇ ਬਿਜਲੀ ਦਿੰਦੇ ਹਨ, ਪਰ ਅਸੀਂ ਆਪਣੇ ਦਰਿਆਵਾਂ ਦੀ ਕੋਈ ਕਦਰ ਨਹੀਂ ਪਾਈ।

ਪੰਜਾਬ ਦੇ ਪੰਜੇ ਦਰਿਆਵਾਂ ਵਿੱਚੋਂ ਖਾਸ ਕਰ ਚੜ੍ਹਦੇ ਪੰਜਾਬ ਲਈ ਸਤਲੁਜ ਸਭ ਤੋਂ ਅਹਿਮ ਦਰਿਆ ਹੈ, ਜਿਹੜਾ ਪੰਜੇ ਦਰਿਆਵਾਂ ਵਿੱਚੋਂ ਸਭ ਤੋਂ ਲੰਮਾ ਹੈ ਅਤੇ ਧੁਰ ਪੂਰਬ ਅਤੇ ਦੱਖਣ ਵੱਲ ਵਗਦਾ ਹੈ। ਇਸ ਦੀ ਲੰਬਾਈ ਕਰੀਬ 1450 ਕਿਲੋਮੀਟਰ ਜਾਂ 900 ਮੀਲ ਹੈ। ਸਤਲੁਜ ਨੂੰ ਰਿਗਵੇਦ ਤੇ ਹੋਰ ਸਨਾਤਨੀ ਗ੍ਰੰਥਾਂ ਵਿੱਚ ਸ਼ੁਤੂਦਰੀ ਕਿਹਾ ਗਿਆ ਹੈ, ਭਾਵ ਸੌ ਸ਼ਾਖਾਵਾਂ ਵਾਲਾ ਦਰਿਆ। ਬਾਅਦ ਦੇ ਸਾਹਿਤ ਵਿੱਚ ਇਸ ਨੂੰ ਸ਼ਤਦਰੂ ਵੀ ਕਿਹਾ ਗਿਆ। ਮਿਥਿਹਾਸਕ ਗ੍ਰੰਥਾਂ ਅਨੁਸਾਰ ਸਰਸਵਤੀ ਨਦੀ ਸ਼ੁਤੂਦਰੀ ਵਿੱਚ ਹੀ ਡਿੱਗਦੀ ਸੀ। ਇਨ੍ਹਾਂ ਧਰਮ ਸ਼ਾਸਤਰਾਂ ਵਿੱਚ ਪੰਜਾਬ ਨੂੰ ਸਿੰਧੂ, ਸਰਸਵਤੀ ਤੇ ਹਾਕੜਾ ਦਰਿਆਵਾਂ ਆਦਿ ਸਣੇ 'ਸਪਤ ਸਿੰਧੂ' ਦਾ ਨਾਂਅ ਦਿੱਤਾ ਗਿਆ ਸੀ। ਸਿਕੰਦਰ ਦੇ ਹਮਲੇ ਵੇਲੇ ਤੇ ਬਾਅਦ ਦੀਆਂ ਯੂਨਾਨੀ ਲਿਖਤਾਂ ਵਿੱਚ ਪੰਜਾਬ ਨੂੰ ਪੈਂਟਾਪੋਟਾਮੀਆ ਭਾਵ ਪੰਜ ਦਰਿਆਵਾਂ ਦੀ ਧਰਤੀ ਕਿਹਾ ਗਿਆ, ਜਿਨ੍ਹਾਂ ਸਤਲੁਜ ਨੂੰ ਜ਼ਾਰਾਦਰਾਸ ਦਾ ਨਾਂਅ ਦਿੱਤਾ। ਸਤਲੁਜ ਨੇ ਕਈ ਵਾਰ ਆਪਣੇ ਵਹਿਣ ਬਦਲੇ, ਹੜ੍ਹ ਵੀ ਲਿਆਂਦੇ, ਪਰ ਪੰਜਾਬ ਇਨ੍ਹਾਂ ਰਾਹੀਂ ਵੀ ਪੰਜਾਬ ਦੀ ਧਰਤੀ ਨੂੰ ਜ਼ਰਖੇਜ਼ ਹੀ ਬਣਿਆ।

ਆਧੁਨਿਕ ਇਤਿਹਾਸ ਦੀ ਗੱਲ ਕਰੀਏ ਤਾਂ ਕਹਿੰਦੇ ਹਨ ਕਿ 1699 ਦੀ ਵਿਸਾਖੀ ਨੂੰ ਖਾਲਸੇ ਦੀ ਸਥਾਪਨਾ ਵੇਲੇ ਬਣਾਈ ਗਈ ਖੰਡੇ ਦੀ ਪਾਹੁਲ ਲਈ ਮਾਤਾ ਸਾਹਿਬ ਕੌਰ ਨੇ ਸਤਲੁਜ ਦਾ ਮਿੱਠਾ ਪਾਣੀ ਹੀ ਵਰਤਿਆ ਸੀ। ਜਦੋਂ ਅੰਗਰੇਜ਼ਾਂ ਨੇ ਸਾਰਾ ਭਾਰਤ ਜਿੱਤ ਲਿਆ ਤਾਂ ਸਤਲੁਜ ਹੀ ਪੰਜਾਬ ਤੇ ਅੰਗਰੇਜ਼ਾਂ ਦਰਮਿਆਨ ਕੰਧ ਬਣ ਕੇ ਖੜ੍ਹਾ ਰਿਹਾ। ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਾਲੇ ਸਤਲੁਜ ਨੂੰ ਸਰਹੱਦ ਮੰਨਣ ਬਾਰੇ ਦੋਸਤੀ ਦਾ ਇਕਰਾਰਨਾਮਾ ਵੀ 26 ਅਕਤੂਬਰ 1831 ਨੂੰ ਰੋਪੜ ਵਿੱਚ ਸਤਲੁਜ ਦੇ ਕੰਢੇ ਹੀ ਹੋਇਆ ਸੀ, ਜਿਸ ਉੱਤੇ ਮਹਾਰਾਜੇ ਅਤੇ ਅੰਗਰੇਜ਼ਾਂ ਵੱਲੋਂ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਕ ਨੇ ਦਸਤਖਤ ਕੀਤੇ।

ਇਹ ਤਿੱਬਤ ਵਿੱਚ ਕੈਲਾਸ਼ ਪਰਬਤ ਅਤੇ ਮਾਨਸਰੋਵਰ ਝੀਲ ਨੇੜੇ ਰਾਕਸ਼ਸਤਾਲ ਜਾਂ ਰਾਵਣਤਾਲ ਨਾਮੀ ਝੀਲ ਵਿੱਚੋਂ ਨਿਕਲਦਾ ਹੈ, ਜਿਸ ਦੀ ਸਮੁੰਦਰੀ ਤਲ ਤੋਂ ਉੱਚਾਈ ਕਰੀਬ 4633 ਮੀਟਰ ਹੈ। ਉੱਥੇ ਸਤਲੁਜ ਦਾ ਨਾਂਅ ਲੈਂਗ ਚੈਨ ਖੰਬਾਵ ਭਾਵ ਐਲੀਫੈਂਟ ਦਰਿਆ ਹੈ। ਇਹ ਕੈਲਾਸ਼ ਪਰਬਤ, ਤਿੱਬਤ ਦੇ ਪਠਾਰ ਤੇ ਸ਼ਿਮਲਾ ਪਰਬਤ ਨੂੰ ਚੀਰਦਾ ਹੋਇਆ, ਸੱਪ ਵਾਂਗ ਵਲ਼ ਖਾਂਦਾ ਚੀਨ ਦੀ ਸਰਹੱਦ ਟੱਪ ਕੇ ਹਿਮਾਚਲ ਪ੍ਰਦੇਸ਼ ਦੀ ਕਨਾਵਾਰ ਘਾਟੀ ਵਿੱਚ ਦਾਖਲ ਹੁੰਦਾ ਹੈ। ਕਈ ਡੂੰਘੀਆਂ ਤੰਗ ਘਾਟੀਆਂ ਤੋਂ ਗੁਜ਼ਰਦਾ ਨੰਗਲ ਨੇੜੇ ਪੰਜਾਬ ਵਿੱਚ ਦਾਖਲ ਹੁੰਦਾ ਹੈ ਤੇ ਪਹਿਲਾਂ ਸ਼ਿਵਾਲਕ ਦੀਆਂ ਪਹਾੜੀਆਂ 'ਚੋਂ ਵਹਿੰਦਾ ਹੋਇਆ ਆਖਰ ਪੰਜਾਬ ਦੇ ਖੁੱਲ੍ਹੇ ਮੈਦਾਨਾਂ 'ਚ ਪੈਰ ਧਰਦਾ ਤੇ ਇਨ੍ਹਾਂ ਨੂੰ ਜ਼ਰਖੇਜ਼ ਬਣਾਉਂਦਾ ਅੱਗੇ ਵਧਦਾ ਹੈ।

ਪੰਜਾਬ ਦੀ ਹੱਦ ਦੇ ਐਨ ਨਾਲ ਹਿਮਾਚਲ ਪ੍ਰਦੇਸ਼ ਵਿੱਚ ਭਾਖੜਾ ਵਿਖੇ ਸਤਲੁਜ 'ਤੇ ਵੱਡਾ ਭਾਖੜਾ ਬੰਨ੍ਹ ਮਾਰਿਆ ਗਿਆ ਹੈ, ਜੋ ਆਜ਼ਾਦ ਭਾਰਤ ਦਾ ਪਹਿਲਾ ਵੱਡਾ ਡੈਮ ਪ੍ਰੋਜੈਕਟ ਸੀ, ਜਿੱਥੋਂ ਸੈਂਕੜੇ ਮੈਗਾਵਾਟ ਬਿਜਲੀ ਪੈਦਾ ਹੁੰਦੀ ਹੈ ਅਤੇ ਨਹਿਰਾਂ ਨਿਕਲਦੀਆਂ ਹਨ। ਨੰਗਲ ਤੋਂ ਦਰਿਆ ਸਤਲੁਜ ਖਾਲਸੇ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਕੋਲੋਂ ਲੰਘਦਾ ਹੋਇਆ ਰੋਪੜ ਪੁੱਜਦਾ ਹੈ, ਜਿੱਥੇ ਰੋਪੜ ਬੈਰਾਜ ਤੋਂ ਇਸ ਵਿੱਚੋਂ ਹੋਰ ਨਹਿਰਾਂ ਕੱਢੀਆਂ ਗਈਆਂ ਹਨ। ਪੰਜਾਬ ਵਿੱਚ ਸਤਲੁਜ ਚੜ੍ਹਦੇ ਪੰਜਾਬ ਦੇ ਚਾਰ ਭੂਗੋਲਿਕ ਖਿੱਤਿਆਂ ਵਿੱਚੋਂ ਪਹਿਲਾਂ ਪੁਆਧ ਤੇ ਦੋਆਬੇ ਦੀ, ਅਗਾਂਹ ਦੋਆਬੇ ਤੇ ਮਾਲਵੇ ਦੀਆਂ ਅਤੇ ਫਿਰ ਮਾਲਵੇ ਤੇ ਮਾਝੇ ਦੀਆਂ ਹੱਦਾਂ ਤੈਅ ਕਰਦਾ ਹੈ। ਇਸ ਦੌਰਾਨ ਇਹ ਚਿੱਟੀ ਵੇਈਂ ਤੇ ਲੁਧਿਆਣਾ ਦੇ ਬੁੱਢੇ ਨਾਲੇ, ਜੋ ਕਿਸੇ ਸਮੇਂ ਬੁੱਢਾ ਦਰਿਆ ਵਜੋਂ ਜਾਣਿਆ ਜਾਂਦਾ ਸੀ ਤੇ ਸਤਲੁਜ ਦੀ ਹੀ ਇੱਕ ਧਾਰਾ ਹੈ ਤੇ ਹੋਰ ਜਲਧਾਰਾਵਾਂ ਰਾਹੀਂ ਪੰਜਾਬ ਦੇ ਸ਼ਹਿਰਾਂ-ਕਸਬਿਆਂ ਦਾ ਗੰਦਾ ਪਾਣੀ ਸਮੇਟਦਾ ਹੋਇਆ ਗੁਰੂ ਨਾਨਕ ਦੇਵ ਦੇ ਵਰੋਸਾਏ ਕਸਬਾ ਸੁਲਤਾਨਪੁਰ ਲੋਧੀ ਤੇ ਦੂਜੇ ਪਾਸੇ ਮੱਖੂ ਨੇੜੇ ਹਰੀਕੇ ਵਿਖੇ ਬਿਆਸ ਦਰਿਆ ਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ ਤੇ ਪਾਕਿਸਤਾਨ ਵੱਲ ਨੂੰ ਹੋ ਤੁਰਦਾ ਹੈ। ਸਰਹੱਦ ਦੇ ਐਨ ਕਰੀਬ ਹੁਸੈਨੀਵਾਲਾ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਸਮਾਧਾਂ ਸਤਲੁਜ ਦੇ ਕੰਢੇ ਹੀ ਹਨ, ਕਿਉਂਕਿ ਅੰਗਰੇਜ਼ ਹਕੂਮਤ ਨੇ ਇਨ੍ਹਾਂ ਇਨਕਲਾਬੀ ਦੇਸ਼ਭਗਤਾਂ ਨੂੰ 23 ਮਾਰਚ 1931 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਚੁੱਪ ਚੁਪੀਤੇ ਸ਼ਾਮ ਵੇਲੇ ਫਾਂਸੀ ਦੇ ਕੇ ਉਨ੍ਹਾਂ ਦੀਆਂ ਦੇਹਾਂ ਹੁਸੈਨੀਵਾਲਾ ਲਾਗੇ ਸਤਲੁਜ ਵਿੱਚ ਰੋੜ੍ਹ ਦਿੱਤੀਆਂ ਸਨ। ਹੁਸੈਨੀਵਾਲਾ ਬੈਰਾਜ ਤੋਂ ਵੀ ਸਤਲੁਜ ਤੋਂ ਦੋ ਨਹਿਰਾਂ ਕੱਢੀਆਂ ਗਈਆਂ ਹਨ। ਸਤਲੁਜ ਵਿੱਚੋਂ ਅੰਗਰੇਜ਼ ਹਕੂਮਤ ਵੇਲੇ ਵੀ ਕਈ ਨਹਿਰਾਂ ਕੱਢੀਆਂ ਸਨ, ਜਿਨ੍ਹਾਂ ਵਿੱਚੋਂ ਰਾਜਸਥਾਨ ਦੇ ਸ੍ਰੀਗੰਗਾਨਗਰ ਇਲਾਕੇ ਨੂੰ ਜਾਂਦੀ ਗੰਗ ਨਹਿਰ ਵੀ ਅਹਿਮ ਹੈ।

ਸਤਲੁਜ ਕਰੀਬ 105 ਕਿਲੋਮੀਟਰ ਤੱਕ ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਸਿਰਜਦਾ ਹੋਇਆ ਆਖਰ ਲਹਿੰਦੇ ਪੰਜਾਬ ਦੇ ਕਸੂਰ ਜ਼ਿਲੇ ਵਿੱਚ ਪੱਛਮ ਵੱਲ ਨੂੰ ਹੋ ਤੁਰਦਾ ਹੈ ਅਤੇ ਮੁਜ਼ੱਫਰਗੜ੍ਹ ਜ਼ਿਲੇ ਵਿੱਚ ਉੱਚ ਸ਼ਰੀਫ ਨੇੜੇ ਇਹ ਚਨਾਬ ਨਾਲ ਮਿਲ ਜਾਂਦਾ ਹੈ। ਇਸ ਸਥਾਨ ਨੂੰ ਪੰਜ ਨਦ ਆਖਿਆ ਜਾਂਦਾ ਹੈ, ਕਿਉਂਕਿ ਇਥੇ ਪੰਜਾਬ ਦੇ ਪੰਜੇ ਦਰਿਆ ਮਿਲਦੇ ਹਨ। ਇੱਕ ਪਾਸੇ ਝਨਾਂ ਆਪਣੇ ਨਾਲ ਰਾਵੀ ਤੇ ਜੇਹਲਮ ਦਾ ਪਾਣੀ ਲਿਆਉਂਦਾ ਹੈ। ਏਸੇ ਥਾਂ ਨੂੰ ਅਮੀਰ ਖੁਸਰੋ ਨੇ ਆਪਣੀ ਰਚਨਾ ਵਿੱਚ ਪੰਜ-ਆਬ ਆਖਿਆ ਹੈ। ਅਗਾਂਹ ਪੰਜਾਬ ਦੇ ਪੰਜੇ ਦਰਿਆਵਾਂ ਤੋਂ ਬਣਿਆ ਪੰਜ ਨਦ ਦਰਿਆ ਕਰੀਬ ਹੋਰ 45 ਮੀਲ ਜਾਂ 72 ਕਿਲੋਮੀਟਰ ਦਾ ਪੈਂਡਾ ਤੈਅ ਕਰ ਕੇ ਮਿੱਠਣਕੋਟ ਲਾਗੇ ਸਿੰਧੂ ਦਰਿਆ ਵਿੱਚ ਮਿਲ ਜਾਂਦਾ ਹੈ। ਸਿੰਧੂ ਦਰਿਆ ਅਗਾਂਹ ਸੂਬਾ ਸਿੰਧ ਵਿੱਚੋਂ ਵਗਦਾ ਹੋਇਆ ਪਾਕਿਸਤਾਨੀ ਬੰਦਰਗਾਹ ਕਰਾਚੀ ਨੇੜੇ ਅਰਬ ਸਾਗਰ ਵਿੱਚ ਸਮੁੰਦਰ 'ਚ ਸਮਾ ਜਾਂਦਾ ਹੈ।

ਸਾਹਿਤ ਤੇ ਸਭਿਆਚਾਰ ਦੀ ਗੱਲ ਕਰੀਏ ਤਾਂ ਪੰਜਾਬ ਨੂੰ ਇੰਨਾ ਕੁਝ ਦੇਣ ਵਾਲੇ ਸਤਲੁਜ ਨੂੰ ਪੰਜਾਬੀਆਂ ਨੇ ਕੁਝ ਵੀ ਨਹੀਂ ਦਿੱਤਾ। ਪੰਜਾਬ ਆਪਣੇ ਲੋਕ ਸਾਹਿਤ, ਗੀਤਾਂ, ਕਵਿਤਾਵਾਂ ਕਹਾਣੀਆਂ, ਗਿੱਧੇ-ਭੰਗੜੇ ਦੀਆਂ ਬੋਲੀਆਂ ਵਿੱਚ ਸਤਲੁਜ ਤੇ ਦੂਜੇ ਦਰਿਆਵਾਂ ਲਈ ਬਹੁਤਾ ਕੁਝ ਨਹੀਂ ਮਿਲਦਾ। ਕੁਝ ਕਵੀਆਂ ਨੇ ਜ਼ਰੂਰ ਪੰਜਾਬ ਦੇ ਦਰਿਆਵਾਂ 'ਤੇ ਕਲਾਮ ਲਿਖਿਆ ਹੈ, ਜਿਵੇਂ ਪ੍ਰੋਫੈਸਰ ਮੋਹਨ ਸਿੰਘ ਦੀਆਂ ਕਈ ਕਵਿਤਾਵਾਂ ਵਿੱਚ ਝਨਾਂ, ਰਾਵੀ, ਸੁਹਾਂ ਅਤੇ ਤਵੀ ਦਰਿਆਵਾਂ ਦਾ ਜ਼ਿਕਰ ਆਉਂਦਾ ਹੈ। ਇਸ ਬਾਰੇ ਅਮਰਜੀਤ ਚੰਦਨ ਨੇ ਇਹ ਟਿੱਪਣੀ ਕੀਤੀ ਹੈ : ''ਅਸੀਂ 'ਧਰਤੀ ਪੰਜ ਦਰਿਆਵਾਂ ਦੀ' 'ਧਰਤੀ ਪੰਜ ਦਰਿਆਵਾਂ ਦੀ' ਦਾ ਕਲਿਆਣ ਅੱਠੇ ਪਹਿਰ ਸੱਤੇ ਦਿਨ ਕਰਦੇ ਹਾਂ, ਪੰਜ ਦਰਿਆਵਾਂ ਦੇ ਲੋਕਗੀਤ ਮੈਂ ਕਈ ਸਾਲਾਂ ਦਾ ਲੱਭਦਾ ਰਿਹਾਂ, ਪਰ ਕਿਤਿਓਂ ਕੋਈ ਦੱਸ ਨਹੀਂ ਪਈ। ਸੱਚ ਨਹੀਂ ਆਉਂਦਾ ਕਿ ਦਰਿਆਵਾਂ ਕੰਢੇ ਵਸਦੇ ਲੋਕਾਂ ਨੇ ਆਪਣੇ ਦਰਿਆਵਾਂ ਦੇ ਗੀਤ ਨਾ ਜੋੜੇ ਹੋਣਗੇ। ਸਾਡੇ ਸਾਹਿਤ 'ਚ ਨਦੀ ਦੀ ਕਵਿਤਾ ਨਾ ਹੋਣ ਵਰਗੀ ਹੈ, ਕਲਾ ਵਿੱਚ ਚਿੱਤਰ ਕੋਈ ਨਹੀਂ। ਲਹਿੰਦੇ ਪੰਜਾਬੀ ਫੋਟੋਗਰਾਫਰਾਂ ਨੇ ਓਧਰਲੇ ਦਰਿਆਵਾਂ ਦੀ ਬੜੀ ਸੁਥਰੀ ਫੋਟੋਕਾਰੀ ਕਰ ਲੀਤੀ ਹੈ। 'ਸਾਡੇ ਵਲ' ਦਾ ਵਰਕਾ ਖਾਲੀ ਹੈ।

''ਕੋਈ ਵਿਰਲੀ ਪੰਜਾਬੀ ਕਵਿਤਾ ਦਰਿਆ ਨਾਲ ਗੱਲ ਕਰਦੀ ਹੈ। ਕਈ ਲੋਕ ਗੀਤਾਂ ਵਿੱਚ ਦਰਿਆ ਦਾ ਨਾਂ ਅਸਥਾਈ ਵਜੋਂ ਸਿਰਫ ਗੀਤ ਨੂੰ ਅੱਗੇ ਤੋਰਨ ਲਈ ਵਰਤਿਆ ਹੁੰਦਾ ਹੈ। ਜਿਵੇਂ-ਲੰਘ ਆ ਜਾ ਪੱਤਣ ਝਨਾਂ ਦਾ..., ਵਗਦੀ ਸੀ ਰਾਵੀ...। ਹਰਿੰਦਰ ਸਿੰਘ ਮਹਿਬੂਬ ਵਾਹਦ ਕਵੀ ਹੈ, ਜਿਹਨੇ ਪੰਜੇ ਦਰਿਆਵਾਂ ਬਾਰੇ ਲੰਮੀਆਂ-ਲੰਮੀਆਂ ਕਵਿਤਾਵਾਂ ਲਿਖੀਆਂ, ਪਰ ਇਹਨੇ ਹਰ ਕਵਿਤਾ ਵਿੱਚ ਐਸੀ ਇਲਾਹੀ ਧੁੰਦ ਖਿਲਾਰੀ ਹੋਈ ਹੈ ਕਿ ਦਰਿਆ ਸਿਆਣ 'ਚ ਨਹੀਂ ਆਉਂਦਾ। ਸਭ ਕਵਿਤਾਵਾਂ ਇੱਕੋ ਦਰਿਆ ਦੀਆਂ ਲਗਦੀਆਂ ਹਨ।''

ਹਾਂ, ਫਿਲਮਾਂ ਵਾਲਿਆਂ ਨੇ ਜ਼ਰੂਰ 1964 ਵਿੱਚ 'ਸਤਲੁਜ ਦੇ ਕੰਢੇ' ਨਾਮ ਵਾਲੀ ਇੱਕ ਪੰਜਾਬੀ ਰੁਮਾਂਟਿਕ ਫਿਲਮ ਬਣਾਈ, ਜਿਸ ਦੇ ਡਾਇਰੈਕਟਰ ਐੱਮ ਐੱਮ ਬਿੱਲੂ ਮਹਿਰਾ ਸਨ ਅਤੇ ਇਸ ਵਿੱਚ ਬਲਰਾਜ ਸਾਹਨੀ ਤੇ ਨਿਸ਼ੀ ਦੇ ਮੁੱਖ ਕਿਰਦਾਰ ਸਨ। ਪੰਜਾਬੀਆਂ ਨੇ ਉਂਝ ਵੀ ਸਤਲੁਜ ਨੂੰ ਪਾਣੀ ਤੋਂ ਤਾਂ ਖਾਲੀ ਕਰ ਦਿੱਤਾ, ਪਰ ਗੰਦਗੀ ਨਾਲ ਭਰਨ ਵਿੱਚ ਕੋਈ ਕਸਰ ਨਹੀਂ ਛੱਡੀ। ਸਤਲੁਜ ਦੇ ਜਿਸ ਪਾਣੀ ਤੋਂ ਸਿੱਖਾਂ ਲਈ ਪਹਿਲਾ ਅੰਮ੍ਰਿਤ ਤਿਆਰ ਹੋਇਆ, ਅੱਜ ਕਈ ਥਾਈਂ ਉਸ ਪਾਣੀ ਨੂੰ ਪੀਣਾ ਤਾਂ ਦੂਰ ਉਸ ਦੇ ਨੇੜੇ ਵੀ ਨਹੀਂ ਖੜ੍ਹਿਆ ਜਾ ਸਕਦਾ। ਇਸ ਵਿੱਚੋਂ ਇੰਨੀਆਂ ਨਹਿਰਾਂ ਕੱਢਣ ਦੇ ਬਾਅਦ ਵੀ ਸਤਲੁਜ-ਜਮਨਾ ਨਹਿਰ ਦੇ ਨਾਂਅ 'ਤੇ ਇਸ ਦੇ ਪਾਣੀ ਨੂੰ ਹੋਰ ਲੁੱਟਣ ਲਈ ਕਾਨੂੰਨੀ ਲੜਾਈਆਂ ਲੜੀਆਂ ਜਾ ਰਹੀਆਂ ਹਨ, ਸਿਆਸਤਾਂ ਖੇਡੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਸਤਲੁਜ ਵਿੱਚ ਹਜ਼ਾਰਾਂ ਲੀਟਰ ਲਾਹਣ ਰੋੜ੍ਹ ਦਿੱਤਾ ਗਿਆ, ਜਿਸ ਨਾਲ ਅਣਗਿਣਤ ਮੱਛੀਆਂ ਦੇ ਹੋਰ ਜੀਵ ਮਰ ਗਏ।

ਅੱਜ ਲੋੜ ਹੈ ਕਿ ਅਸੀਂ ਕੁਦਰਤ ਦੇ ਇਸ ਲਾਸਾਨੀ ਤੋਹਫੇ ਦੀ, ਭਾਵ ਪੰਜਾਬ ਦੇ ਸਾਰੇ ਹੀ ਦਰਿਆਵਾਂ ਦੀ ਸੰਭਾਲ ਕਰੀਏ। ਛੋਟੇ-ਛੋਟੇ ਵਕਤੀ ਲਾਹਿਆਂ ਲਈ ਇਨ੍ਹਾਂ ਨੂੰ ਪਲੀਤ ਨਾ ਕਰੀਏ। ਜੇ ਸਾਡੇ ਦਰਿਆ ਕਾਇਮ ਹਨ, ਤਾਂ ਹੀ ਪੰਜਾਬ, ਪੰਜਾਬ ਹੈ। ਤਾਂ ਹੀ ਪੰਜਾਬ, ਆਬਾਦ ਹੈ।

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਖਿੜਕੀਆਂ ਅਤੇ ਦਰਵਾਜ਼ੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976


GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
Deposit Structure: 40k $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal
Residential | Commercial | Investment
(416) 970-5005
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਫਸੇ ਹੋਣ ਦੇ ਬਾਵਜੂਦ ਬਾਦਲ ਅਕਾਲੀ ਦਲ ਲਈ ਭਾਜਪਾ ਗੱਠਜੋੜ ਨੂੰ ਛੱਡਣਾ ਸੌਖਾ ਨਹੀਂ



ਜਤਿੰਦਰ ਪੰਨੂ

ਪੰਜਾਬ ਦੀ ਰਾਜਨੀਤੀ ਇੱਕ ਨਵਾਂ ਮੋੜ ਕੱਟ ਗਈ ਹੈ। ਕੇਂਦਰ ਸਰਕਾਰ ਦੇ ਕਿਸਾਨੀ ਜਿਨਸਾਂ ਬਾਰੇ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਕਹਿੰਦੇ-ਕਹਿੰਦੇ ਬਾਦਲ ਅਕਾਲੀ ਦਲ ਦੇ ਆਗੂ ਇਹ ਮੰਨਣ ਲਈ ਮਜਬੂਰ ਹੋ ਗਏ ਕਿ ਇਨ੍ਹਾਂ ਨਾਲ ਕਿਸਾਨਾਂ ਦਾ ਭਲਾ ਨਹੀਂ ਹੋ ਸਕਦਾ ਅਤੇ ਇਸੇ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਵਿੱਚੋਂ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਦਿਵਾਉਣ ਦਾ ਫੈਸਲਾ ਲੈ ਲਿਆ। ਜਾਣਕਾਰ ਦੱਸਦੇ ਹਨ ਕਿ ਕੁਰਸੀ ਦੇ ਮੋਹ ਕਾਰਨ ਬੀਬੀ ਹਰਸਿਮਰਤ ਕੌਰ ਅਜੇ ਵੀ ਗੱਦੀ ਨਹੀਂ ਸੀ ਛੱਡਣਾ ਚਾਹੁੰਦੀ, ਪਰ ਚੁਫੇਰਿਉਂ ਪਏ ਦਬਾਅ ਤੇ ਪਿੰਡ ਬਾਦਲ ਵਿੱਚ ਹਵੇਲੀ ਅੱਗੇ ਕਿਸਾਨਾਂ ਦਾ ਧਰਨਾ ਲੱਗਣ ਨੇ ਉਨ੍ਹਾਂ ਨੂੰ ਕੰਬਣ ਲਾ ਦਿੱਤਾ ਸੀ। ਪੁੱਤਰ ਅਤੇ ਨੂੰਹ ਦੇ ਦਬਾਅ ਹੇਠ ਇੱਕ ਵੀਡੀਓ ਜਾਰੀ ਕਰਨ ਤੇ ਕੇਂਦਰ ਦੇ ਬਿੱਲਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਦੱਸਣ ਵਾਲਾ ਬਾਪੂ ਬਾਦਲ ਪੰਜਾਬ ਤੋਂ ਖਿਸਕ ਕੇ ਹਰਿਆਣੇ ਵਿਚਲੇ ਬਾਲਾਸਰ ਵਾਲੇ ਫਾਰਮ ਉੱਤੇ ਜਾ ਬੈਠਾ ਤੇ ਆਮ ਅਕਾਲੀ ਆਗੂ ਲੋਕਾਂ ਵਿੱਚ ਜਾਣ ਤੋਂ ਪਾਸ ਵੱਟਣ ਲੱਗੇ ਸਨ। ਇਸ ਤਰ੍ਹਾਂ ਜਿਹੜੇ ਹਾਲਾਤ ਵਿੱਚ ਅਕਾਲੀ ਦਲ ਉਲਝ ਗਿਆ ਸੀ, ਉਸ ਕੋਲ ਅਸਤੀਫੇ ਤੋਂ ਸਿਵਾ ਕੋਈ ਹੋਰ ਰਾਹ ਵੀ ਨਹੀਂ ਬਚਦਾ, ਪਰ ਅਸਤੀਫਾ ਦੇਣ ਪਿੱਛੋਂ ਵੀ ਜੋ ਕੁਝ ਬਾਦਲ ਜੋੜੀ ਨੇ ਕਿਹਾ ਹੈ, ਉਹ ਸਾਫ ਨੀਤ ਵਾਲਾ ਨਹੀਂ ਜਾਪਦਾ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਦੋਵਾਂ ਨੇ ਫਿਰ ਕਿਹਾ ਹੈ ਕਿ ਬਿੱਲ ਤਾਂ ਕਿਸਾਨਾਂ ਦੇ ਹਿੱਤ ਵਾਲੇ ਹੀ ਸਨ, ਅਸੀਂ ਕਿਸਾਨਾਂ ਨੂੰ ਇਹ ਗੱਲ ਸਮਝਾ ਨਹੀਂ ਸਕੇ। ਦੂਸਰੀ ਗੱਲ ਇਹ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਛੱਡੀ ਹੈ, ਭਾਜਪਾ ਗੱਠਜੋੜ ਦੀ ਸਾਂਝ ਹਾਲੇ ਵੀ ਨਹੀਂ ਛੱਡੀ, ਤੇ ਸਮਝਿਆ ਜਾਂਦਾ ਹੈ ਕਿ ਛੱਡਣੀ ਵੀ ਉਨ੍ਹਾਂ ਲਈ ਸੌਖੀ ਨਹੀਂ। ਜੇ ਭਾਜਪਾ ਨੂੰ ਛੱਡ ਦੇਣ ਤਾਂ ਪੰਜਾਬ ਵਿੱਚ ਉਨ੍ਹਾਂ ਦੇ ਨਾਲ ਤੁਰਨ ਵਾਲਾ ਵੀ ਕੌਣ ਬਚਿਆ ਹੈ, ਇਸ ਲਈ ਉਹ ਸਾਂਝ ਰੱਖਣ ਦਾ ਯਤਨ ਕਰਨਗੇ। ਭਾਜਪਾ ਦੇ ਲੀਡਰਾਂ ਨੇ ਵੀ ਇਸ ਮਸਲੇ ਬਾਰੇ ਕੋਈ ਓਹਲਾ ਰੱਖਣ ਦੀ ਥਾਂ ਸਾਫ ਕਿਹਾ ਹੈ ਕਿ ਹਰਸਿਮਰਤ ਕੌਰ ਦਾ ਕੇਂਦਰ ਸਰਕਾਰ ਛੱਡਣਾ ਸਿਰਫ ਇੱਕ ਸਿਆਸੀ ਫੈਸਲਾ ਹੈ, ਉਂਜ ਉਹ ਭਾਜਪਾ ਗੱਠਜੋੜ ਦਾ ਹਿੱਸਾ ਹੀ ਹਨ। ਅਸਲ ਗੱਲ ਵੀ ਇਹੋ ਹੈ।

ਅਕਾਲੀ ਦਲ ਇਸ ਵੇਲੇ ਬੜੀ ਬੁਰੀ ਤਰ੍ਹਾਂ ਫਸ ਗਿਆ ਹੈ। ਉਸ ਦੀ ਮੁਸ਼ਕਲ ਰਾਜਸੀ ਖੇਤਰ ਵਿੱਚ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ ਨੇ ਸਿਖਰ ਤੱਕ ਪੁਚਾਈ ਪਈ ਹੈ ਤੇ ਧਾਰਮਿਕ ਖੇਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਦਾ ਮਾਮਲਾ ਉਨ੍ਹਾਂ ਲਈ ਸ਼ਰਮਿੰਦਗੀ ਦਾ ਕਾਰਨ ਬਣਿਆ ਪਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਜਿਨ੍ਹਾਂ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਕਮੇਟੀ ਨਿਯੁਕਤ ਕਰਦੀ ਹੈ, ਉਨ੍ਹਾਂ ਹੀ ਪੰਜਾਂ ਸਿੰਘ ਸਾਹਿਬਾਨ ਨੂੰ ਇਸ ਸ਼੍ਰੋਮਣੀ ਕਮੇਟੀ ਦੀ ਸਾਰੀ ਐਗਜ਼ੈਕਟਿਵ ਕਮੇਟੀ, ਜਿਸ ਨੂੰ ਅੰਤ੍ਰਿਮ ਕਮੇਟੀ ਕਿਹਾ ਜਾਂਦਾ ਹੈ, ਨੂੰ ਕਟਹਿਰੇ ਵਿੱਚ ਖੜਾ ਕਰਨਾ ਅਤੇ ਤਨਖਾਹ ਲਾਉਣੀ ਪਈ ਹੈ। ਇਸ ਕਾਰਵਾਈ ਦੇ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਭਾਸ਼ਾ ਗਰਮ, ਪਰ ਸਜ਼ਾ ਵਿੱਚ ਅਜੇ ਵੀ ਨਰਮੀ ਦੱਸਦੀ ਹੈ ਕਿ ਸਾਰਾ ਕੁਝ ਪਹਿਲਾਂ ਤੈਅ ਕੀਤਾ ਹੋਇਆ ਸੀ। ਇਸ ਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਗੁੰਮ ਹੋਣ ਦੇ ਮਾਮਲੇ ਦੀ ਜਾਂਚ ਵਿੱਚ ਜੋ ਕੁਝ ਬਾਹਰ ਆ ਚੁੱਕਾ ਸੀ, ਉਸ ਪਿੱਛੋਂ ਸ੍ਰੀ ਅਕਾਲ ਤਖਤ ਤੋਂ ਜਾਰੀ ਹੋਏ ਆਦੇਸ਼ ਦੇ ਮੁਤਾਬਕ ਮੁੱਢਲੇ ਤੌਰ ਉੱਤੇ ਖੁਦ ਕੀਤੇ ਗਏ ਫੈਸਲਿਆਂ ਤੋਂ ਵੀ ਸ਼੍ਰੋਮਣੀ ਕਮੇਟੀ ਵਾਲੇ ਲੀਡਰ ਭੱਜ ਖੜੋਤੇ ਸਨ ਤੇ ਇਸ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਦਫਤਰ ਅੱਗੇ ਵੀ ਧਰਨਾ ਲੱਗਾ ਪਿਆ ਸੀ। ਏਦਾਂ ਵਧਿਆ ਦਬਾਅ ਹੋਰ ਕਿਸੇ ਤਰ੍ਹਾਂ ਜਦੋਂ ਟਾਲਣਾ ਮੁਸ਼ਕਲ ਸੀ ਤਾਂ ਪਹਿਲਾਂ ਤੈਅ ਫਾਰਮੂਲੇ ਦੇ ਮੁਤਾਬਕ ਸਹਿੰਦੀ-ਸਹਿੰਦੀ ਤਨਖਾਹ ਲਾਉਣ ਦੀ ਕਾਰਵਾਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੋਂ ਕਰਵਾ ਕੇ ਡੰਗ ਸਾਰਨ ਦਾ ਯਤਨ ਕੀਤਾ ਗਿਆ ਹੈ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਜਿਹੜੀ ਗੱਲ ਅਜੇ ਤੱਕ ਲੁਕੀ ਸੀ, ਉਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪਣ ਦੀ ਸੇਵਾ ਤੋਂ ਵਿਹਲੇ ਹੋਏ ਕੰਵਲਜੀਤ ਸਿੰਘ ਨੇ ਇੱਕ ਦਿਨ ਪਹਿਲਾਂ ਇੱਕ ਵੀਡੀਓ ਜਾਰੀ ਕਰ ਕੇ ਜ਼ਾਹਰ ਕਰ ਦਿੱਤੀ ਤੇ ਕਈ ਵੱਡੇ ਲੋਕ ਫਸਾ ਦਿੱਤੇ ਸਨ। ਉਸ ਨੇ ਇਸ ਵੀਡੀਓ ਵਿੱਚ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਅਤੇ ਅਫਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਈ ਪਰਚੀਆਂ ਆਉਂਦੀਆਂ ਸਨ ਕਿ ਫਲਾਣੇ ਨੂੰ ਦੇ ਦਿਓ ਤੇ ਰਿਕਾਰਡ ਵਿੱਚ ਦਰਜ ਨਹੀਂ ਕਰਨੇ। ਉਸ ਨੇ ਕਿਹਾ ਕਿ ਏਦਾਂ ਦੀ ਅਣ-ਅਧਿਕਾਰਤ ਕੱਚੀਆਂ ਪਰਚੀਆਂ ਉਸ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਵੀਡੀਓ ਨਾਲ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿੱਚ ਭਾਜੜ ਪੈ ਗਈ ਕਿ ਪਰਚੀਆਂ ਜਿਨ੍ਹਾਂ ਨੇ ਭੇਜੀਆਂ ਸਨ, ਜਦੋਂ ਫਸਣ ਲੱਗੇ ਤਾਂ ਕੰਵਲਜੀਤ ਸਿੰਘ ਵਾਂਗ ਉਨ੍ਹਾਂ ਲੋਕਾਂ ਨੇ ਵੀ ਅੱਗੋਂ ਅਕਾਲੀ ਦਲ ਦੀ ਲੀਡਰਸ਼ਿਪ ਵੱਲ ਉਂਗਲਾਂ ਕਰ ਦੇਣੀਆਂ ਸਨ।

ਇਸ ਦੌਰਾਨ ਇੱਕ ਤੀਸਰੇ, ਪਰ ਇਨ੍ਹਾਂ ਸਾਰਿਆਂ ਤੋਂ ਪਹਿਲਾਂ ਦੇ ਮਾਮਲੇ ਨੇ ਵੀ ਅਕਾਲੀ ਦਲ ਲਈ ਫਿਕਰੰਦੀ ਦਾ ਨਵਾਂ ਮੁੱਦਾ ਪੇਸ਼ ਕਰ ਦਿੱਤਾ ਹੈ। ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਟੀਮ ਦੇ ਸੀਨੀਅਰ ਅਧਿਕਾਰੀ ਨੇ ਅਦਾਲਤ ਵਿੱਚ ਇਹ ਗੱਲ ਕਹਿ ਦਿੱਤੀ ਹੈ ਕਿ ਗੋਲੀ ਕਾਂਡ ਦੀ ਸਾਜਿਸ਼ ਉਸ ਵੇਲੇ ਦੇ ਪੰਜਾਬ ਪੁਲਸ ਦੇ ਮੁਖੀ ਸੁਮੇਧ ਸੈਣੀ ਨੇ ਰਚੀ ਸੀ ਤੇ ਇਸ ਵਿੱਚ ਇੱਕ ਵੱਡੇ ਸਿਆਸੀ ਆਗੂ ਦਾ ਨਾਂਅ ਵੀ ਆਉਂਦਾ ਹੈ। ਉਹ ਵੱਡਾ ਸਿਆਸੀ ਆਗੂ ਕੌਣ ਹੈ, ਮੂੰਹੋਂ ਭਾਵੇਂ ਕੋਈ ਨਹੀਂ ਬੋਲਦਾ, ਪਰ ਸਭ ਨੂੰ ਪਤਾ ਹੈ ਕਿ ਓਦੋਂ ਪੰਜਾਬ ਦੀ ਸਰਕਾਰ ਅਤੇ ਪੁਲਸ ਕਿਹੜੇ ਵੱਡੇ ਸਿਆਸੀ ਆਗੂ ਦੇ ਇਸ਼ਾਰੇ ਉੱਤੇ ਚੱਲਦੀ ਹੁੰਦੀ ਸੀ। ਅਦਾਲਤ ਵਿੱਚ ਵਿਸ਼ੇਸ਼ ਜਾਚ ਟੀਮ ਦੇ ਡਿਪਟੀ ਚੀਫ ਵੱਲੋਂ ਕਹੀ ਇਸ ਗੱਲ ਤੋਂ ਬਾਅਦ ਇਹ ਸਮਝਿਆ ਜਾ ਰਿਹਾ ਹੈ ਕਿ ਜਾਂਚ ਟੀਮ ਉਸ ਵੱਡੇ ਲੀਡਰ ਨੂੰ ਕਿਸੇ ਵਕਤ ਵੀ ਇਸ ਕੇਸ ਵਿੱਚ ਸੱਦ ਕੇ ਬਿਆਨ ਲੈਣ ਨੂੰ ਕਹਿ ਸਕਦੀ ਹੈ ਜਾਂ ਫਿਰ ਅਦਾਲਤ ਤੋਂ ਉਸ ਨੂੰ ਫੜਨ ਲਈ ਵਾਰੰਟ ਲੈਣ ਲਈ ਅਰਜ਼ੀ ਪੇਸ਼ ਕਰ ਸਕਦੀ ਹੈ। ਪਿਛਲਾ ਤਜਰਬਾ ਇਹੋ ਦੱਸਦਾ ਹੈ ਕਿ ਏਦਾਂ ਦੀ ਅਰਜ਼ੀ ਉੱਤੇ ਅਦਾਲਤ ਨੂੰ ਵੀ ਕੋਈ ਬਹੁਤਾ ਇਤਰਾਜ਼ ਨਹੀਂ ਹੋਣਾ ਅਤੇ ਉਸ ਹਾਲਤ ਵਿੱਚ ਅਕਾਲੀ ਲੀਡਰਸ਼ਿਪ ਹੋਰ ਵੀ ਫਸ ਜਾਵੇਗੀ।

ਏਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਇੱਕ ਵੀ ਸਿਆਸੀ ਧਿਰ ਅਕਾਲੀ ਦਲ ਦੇ ਨਾਲ ਖੜੋਣ ਵਾਲੀ ਨਹੀਂ ਲੱਭਦੀ ਤੇ ਇੱਕੋ ਆਸਰਾ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਚਲਾ ਰਹੇ ਪ੍ਰਧਾਨ ਮੰਤਰੀ ਵੱਲੋਂ ਬਚਦਾ ਹੈ। ਭਾਜਪਾ ਲੀਡਰਸ਼ਿਪ ਅਜੇ ਤੱਕ ਇਸ ਸਾਰੇ ਕੇਸ ਤੋਂ ਨਿਰਲੇਪ ਬੈਠੀ ਜਾਪਦੀ ਹੈ, ਪਰ ਅੰਦਰੋਂ ਸਿਰਸੇ ਡੇਰੇ ਦੇ ਮੁਖੀ ਨਾਲ ਸਾਂਝ ਪਾਲਣ ਅਤੇ ਬਹੁਤੇ ਫਸਦੇ ਵੇਖ ਕੇ ਅਕਾਲੀਆਂ ਤੋਂ ਤਰਲੇ ਕਢਾਉਣ ਪਿੱਛੋਂ ਉਨ੍ਹਾਂ ਦੀ ਮਦਦ ਕਰਨ ਲਈ ਆ ਸਕਦੀ ਹੈ। ਅੱਜ ਨਹੀਂ ਤਾਂ ਕੱਲ੍ਹ-ਕਲੋਤਰ ਨੂੰ ਅਕਾਲੀ ਲੀਡਰਸ਼ਿਪ ਨੂੰ ਇਹ ਲੋੜ ਪੈ ਸਕਦੀ ਹੈ, ਜਿਸ ਦਾ ਖਿਆਲ ਕਰ ਕੇ ਅਕਾਲੀ ਲੀਡਰਸ਼ਿਪ ਨੇ ਇਸ ਵੇਲੇ ਕੇਂਦਰ ਦੀ ਸਰਕਾਰ ਬੇਸ਼ੱਕ ਛੱਡ ਦਿੱਤੀ ਹੈ, ਭਾਜਪਾ ਗੱਠਜੋੜ ਛੱਡਣ ਦਾ ਫੈਸਲੇ ਲੈਣੋਂ ਤ੍ਰਹਿਕਦੀ ਹੈ। ਪਾਰਟੀ ਦੇ ਅੰਦਰੋਂ ਲੀਡਰਸ਼ਿਪ ਉੱਤੇ ਦਬਾਅ ਵਧ ਰਿਹਾ ਹੈ ਕਿ ਭਾਜਪਾ ਗੱਠਜੋੜ ਛੱਡ ਦੇਣਾ ਬਿਹਤਰ ਹੈ, ਪਰ ਤਿੰਨਾਂ ਲੀਡਰਾਂ ਦੀ ਹਾਈ ਕਮਾਨ ਗਿਣਿਆ ਜਾਂਦਾ ਬਾਦਲ ਪਰਵਾਰ ਇਸ ਬਾਰੇ ਸੋਚਦਾ ਜਾਪਦਾ ਹੈ ਕਿ ਜੇ ਮੋਦੀ ਦੀ ਮਿਹਰ ਨਾ ਰਹੀ ਤਾਂ ਉਨ੍ਹਾਂ ਦਾ ਬਣੇਗਾ ਕੀ? ਇਸ ਕਰ ਕੇ ਬਹੁਤੀ ਸੰਭਾਵਨਾ ਇਹੋ ਹੈ ਕਿ ਵਕਤੀ ਤੌਰ ਉੱਤੇ ਅਕਾਲੀ ਲੀਡਰਸ਼ਿਪ ਬੇਸ਼ਕ ਭਾਜਪਾ ਨੂੰ 'ਮੈਚ ਫਿਕਸਿੰਗ' ਕਰ ਕੇ ਲੋੜ ਜੋਗਾ ਭੰਡਦੀ ਵੀ ਰਹੇ, ਅਮਲ ਵਿੱਚ ਉਸ ਦਾ ਪੱਲਾ ਨਹੀਂ ਛੱਡਣ ਲੱਗੀ।



# ਸਵਾਲਾਂ ਦੇ ਘੇਰੇ ਵਿੱਚ ਅਮਰੀਕੀ ਉੱਤਮਤਾ

-ਹਰਸ਼ ਵੀ ਪੰਤ

ਜਦੋਂ ਅਮਰੀਕੀ ਰਾਸ਼ਟਰਪਤੀ ਚੋਣ ਦੀ ਘੜੀ ਨੇੜੇ ਆਉਂਦੀ ਜਾ ਰਹੀ ਹੈ, ਉਦੋਂ ਉਥੇ ਕੁਝ ਵੀ ਸਹੀ ਹੁੰਦਾ ਨਹੀਂ ਦਿੱਸ ਰਿਹਾ। ਉਦਾਰ ਲੋਕਤੰਤਰ ਦੀ ਮਿਸਾਲ ਬਾਰੇ ਸ਼ੰਕੇ ਉਠ ਰਹੇ ਹਨ ਕਿ ਕੀ ਉਥੇ ਨਵੰਬਰ ਵਿੱਚ ਆਉਣ ਵਾਲੇ ਲੋਕ ਫਤਵੇ ਦਾ ਸਨਮਾਨ ਕੀਤਾ ਜਾਵੇਗਾ? ਉਸ ਨਾਲ ਹਿੰਸਾ ਭੜਕਣ ਦਾ ਡਰ ਹੈ, ਜੋ ਪਹਿਲਾਂ ਹੀ ਧਰੁਵੀਕਰਨ ਨੂੰ ਹਵਾ ਦੇ ਰਹੀ ਹੈ। ਅਸਲ ਵਿੱਚ ਕੁਝ ਮੋਰਚਿਆਂ 'ਤੇ ਹਾਲਾਤ ਹੱਥੋਂ ਨਿਕਲ ਗਏ ਹਨ। ਮਿਸਾਲ ਵਜੋਂ ਕੋਵਿਡ-19 ਨਾਲ ਨਜਿੱਠਣ ਬਾਰੇ ਅਮਰੀਕਾ ਦੀ ਰਣਨੀਤੀ। ਇਹ ਇੰਨੀ ਲਾਪਰਵਾਹੀ ਵਾਲੀ ਰਹੀ ਕਿ ਕੋਈ ਅਮਰੀਕਾ ਤੋਂ ਜਵਾਬ ਦੀ ਆਸ ਤੱਕ ਨਹੀਂ ਰੱਖਦਾ। ਜਨਵਰੀ ਵਿੱਚ ਚੀਨ ਦੇ ਵੁਹਾਨ ਵਿੱਚੋਂ ਕੋਰੋਨਾ ਵਾਇਰਸ ਦੇ ਕਾਰਨ ਫੈਲੀ ਬਿਮਾਰੀ ਫਰਵਰੀ ਦੇ ਅੰਤ ਤੱਕ ਇੱਕ ਵਿਸ਼ੇਸ਼ ਮਹਾਮਾਰੀ ਵਿੱਚ ਬਦਲ ਗਈ। ਕਾਰਗਰ ਇਲਾਜ ਦੀ ਘਾਟ ਵਿੱਚ ਉਸ ਨਾਲ ਨਜਿੱਠਣ ਲਈ ਸਮੁੱਚੇ ਅਰਥਚਾਰੇ ਨੂੰ ਬੰਦ ਕਰਨ ਦੇ ਇਲਾਵਾ ਕੋਈ ਬਦਲ ਨਹੀਂ ਸੀ। ਸਿੱਟੇ ਵਜੋਂ ਅੱਜ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਮਹਾਮੰਦੀ ਦੇ ਪੱਧਰ ਜਿੰਨੀ ਵੱਡੀ ਹੋ ਗਈ ਹੈ। ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਲਗਭਗ ਇੱਕ ਲੱਖ ਛੋਟੇ ਕਾਰੋਬਾਰ ਬੰਦ ਹੋਣ ਦੇ ਕੰਢੇ ਪੁੱਜ ਗਏ ਹਨ। ਉਥੇ ਵਪਾਰ ਤੇ ਤਕਨੀਕ ਦੇ ਮੋਰਚੇ 'ਤੇ ਚੀਨ ਨਾਲ ਸੰਘਰਸ਼ ਵਿਸ਼ਵ ਵਿਆਪੀ ਰਾਜਨੀਤੀ ਦਾ ਬੁਨਿਆਦੀ ਟਕਰਾਅ ਬਣ ਗਿਆ ਹੈ ਜਿਸ ਵਿੱਚ ਸੁਲ੍ਹਾ ਦੀ ਕੋਈ ਸੰਭਾਵਨਾ ਨਹੀਂ ਦਿਖਾਈ ਦੇ ਰਹੀ। ਅਮਰੀਕਾ ਵਿੱਚ ਕੋਰੋਨਾ ਅਜੇ ਵੀ ਕੋਹਰਾਮ ਮਚਾ ਰਿਹਾ ਹੈ। ਉਸ ਤੋਂ ਰਾਹਤ ਦੀਆਂ ਦੂਰ-ਦੂਰ ਤੱਕ ਸੰਭਾਵਨਾਵਾਂ ਨਹੀਂ ਦਿੱਸ ਰਹੀਆਂ ਹਨ। ਇਸ ਮਹਾਮਾਰੀ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਤੋਂ ਰਾਜਨੀਤਕ ਲੀਡਰਸ਼ਿਪ ਲਾਚਾਰ ਦਿੱਸਦੀ ਹੈ। ਅਜਿਹੇ ਵਿੱਚ ਅਮਰੀਕਾ ਵੱਲੋਂ ਖੁਦ ਲਈ ਘੜਿਆ ਗਿਆ ਵਿਸ਼ਵ ਨੇਤਾ ਦਾ ਅਕਸ ਤਾਰ-ਤਾਰ ਹੁੰਦਾ ਦਿਖਾਈ ਦੇਂਦਾ ਹੈ। ਇਸ ਆਫਤ ਨੇ ਕਲਿਆਣਕਾਰੀ ਰਾਜ ਵਜੋਂ ਅਮਰੀਕਾ ਦੀ ਕਮਜ਼ੋਰੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਤੇ ਹਾਲਾਤ ਨਾਲ ਨਜਿੱਠਣ ਵਿੱਚ ਲਾਚਾਰ ਨੀਤੀਆਂ ਨੇ ਮੌਜੂਦਾ ਸੰਕਟ ਨੂੰ ਹੋਰ ਵਿਕਰਾਲ ਬਣਾ ਦਿੱਤਾ ਹੈ। ਅਮਰੀਕਾ ਵਿੱਚ ਲਗਭਗ 43 ਫੀਸਦੀ ਲੋਕਾਂ ਕੋਲ ਸਿਹਤ ਬੀਮੇ ਦੀ ਸਹੂਲਤ ਨਹੀਂ। ਉਨ੍ਹਾਂ ਕੋਲ ਸਰਕਾਰੀ ਸਿਹਤ ਸਹੂਲਤਾਂ ਦਾ ਵੀ ਖਾਸ ਸਹਾਰਾ ਨਹੀਂ। ਅਜਿਹੇ ਵਿੱਚ ਇਹ ਆਫਤ ਉਨ੍ਹਾਂ 'ਤੇ ਵੱਡੀ ਮੁਸੀਬਤ ਬਣ ਕੇ ਟੁੱਟੀ ਹੈ।

ਅਮਰੀਕਾ ਦੀਆਂ ਦੁਸ਼ਵਾਰੀਆਂ ਲਈ ਜਿਵੇਂ ਇੰਨਾ ਹੀ ਕਾਫੀ ਨਹੀਂ ਸੀ, ਜਦ ਕੋਰੋਨਾ ਸੰਕਟ ਜੋਬਨ 'ਤੇ ਸੀ, ਉਦੋਂ ਪੁਲਸ ਦੇ ਜ਼ੁਲਮ ਕਾਰਨ ਅਮਰੀਕਾ ਵਿੱਚ ਨਸਲੀ ਤਣਾਅ ਦੀ ਅੱਗ ਭੜਕ ਉਠੀ। ਇੱਕ 46 ਸਾਲਾ ਅਫਰੀਕੀ-ਅਮਰੀਕੀ ਜਾਰਜ ਫਲੋਇਡ ਦੀ ਮਈ ਵਿੱਚ ਪੁਲਸ ਹੱਥੋਂ ਹੋਈ ਮੌਤ ਉਤੇ ਅਮਰੀਕਾ ਵਿੱਚ ਤਿੱਖਾ ਪ੍ਰਤੀਕਰਮ ਹੋਇਆ। ਇਸ ਕਾਰਨ ਵਿਰੋਧ-ਪ੍ਰਦਰਸ਼ਨ, ਹਿੰਸਾ, ਦੰਗੇ ਅਤੇ ਪੁਲਸੀਆ ਕਾਰਵਾਈ ਦਾ ਹੜ੍ਹ ਆ ਗਿਆ। ਇੱਕ ਸਰਵੇਖਣ ਮੁਤਾਬਕ ਲਗਭਗ 55 ਫੀਸਦੀ ਲੋਕ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਨਸਲਵਾਦ ਅੱਜ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ 'ਚੋਂ ਇੱਕ ਹੈ। ਇਸੇ ਤਰ੍ਹਾਂ ਦੋ-ਤਿਹਾਈ ਅਮਰੀਕੀਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਦੇਸ਼ ਗਲਤ ਪਾਸੇ ਨੂੰ ਜਾ ਰਿਹਾ ਹੈ। ਇੱਕ ਅਜਿਹਾ ਦੇਸ਼, ਜੋ ਗਵਰਨੈਂਸ ਤੇ ਮਨੁੱਖੀ ਅਧਿਕਾਰ ਦੇ ਮਸਲੇ 'ਤੇ ਬਾਕੀ ਦੁਨੀਆ ਨੂੰ ਭਾਸ਼ਣ ਦਿੰਦਾ ਹੋਵੇ ਅਤੇ ਜੋ ਖੁਦ ਨੂੰ ਦੁਨੀਆ ਦਾ ਲੀਡਰ ਮੰਨਦਾ ਹੋਵੇ, ਆਪਣੀਆਂ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣ ਤੋਂ ਨਾਕਾਮ ਦਿਖਾਈ ਦੇ ਰਿਹਾ ਹੈ। ਅਮਰੀਕਾ ਵਿੱਚ ਵਿਰੋਧ-ਪ੍ਰਦਰਸ਼ਨ ਅੱਜ ਵੀ ਜਾਰੀ ਹਨ। ਇਸ ਨਾਲ ਅਮਰੀਕੀ ਸਮਾਜ ਹੋਰ ਕਤਾਰਬੰਦ ਹੁੰਦਾ ਜਾ ਰਿਹਾ ਹੈ। ਅਜਿਹੇ ਔਖੇ ਹਾਲਾਤ ਵਿੱਚ ਸਿਆਸੀ ਲੀਡਰਸ਼ਿਪ ਲੋਕਾਂ ਨੂੰ ਇਕਜੁੱਟ ਕਰਨ ਅਤੇ ਦੇਸ਼ ਨੂੰ ਇੱਕਜੁੱਟ ਕਰਨ ਦੀ ਚਾਹਵਾਨ ਨਹੀਂ ਦਿੱਸਦੀ। ਇਹ ਚੋਣ ਦੌਰ ਹੈ ਅਤੇ ਇਸ ਵਿੱਚ ਆਪੋ-ਆਪਣੇ ਵੋਟ ਬੈਂਕ ਨੂੰ ਖੁਸ਼ ਕਰਨਾ ਜ਼ਰੂਰੀ ਹੈ। ਏਸੇ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਨੂੰ ਕਾਨੂੰਨ-ਵਿਵਸਥਾ ਦੀ ਸਮੱਸਿਆ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਆਪਣੇ ਸਿਆਸੀ ਵਿਰੋਧੀਆਂ 'ਤੇ ਅਜਿਹੇ ਤਲਖ ਲਫਜ਼ਾਂ ਨਾਲ ਹਮਲਾ ਕੀਤਾ ਕਿ ਇੱਕ ਮ੍ਰਿਤਕ ਡੈਮੋਕ੍ਰੇਟ ਹੀ ਅਸਲ ਵਿੱਚ ਵਧੀਆ ਡੈਮੋਕ੍ਰੇਟ ਹੁੰਦਾ ਹੈ।

ਟਰੰਪ ਆਪਣੇ ਵਿਰੋਧੀ ਡੈਮੋਕ੍ਰੇਟਿਕ ਉਮੀਦਵਾਰ ਜੋਏ ਬਿਡੇਨ ਬਾਰੇ ਵੀ ਫਜ਼ੂਲ ਦੀਆਂ ਟਿੱਪਣੀਆਂ ਕਰੀ ਜਾਂਦੇ ਹਨ। ਉਨ੍ਹਾਂ ਦੀ ਬੌਖਲਾਹਟ ਸ਼ਾਇਦ ਇਸ ਕਾਰਨ ਹੈ ਕਿ ਉਹ ਕਈ ਸਰਵੇਖਣਾਂ ਵਿੱਚ ਬਿਡੇਨ ਤੋਂ ਪਿੱਛੇ ਚੱਲ ਰਹੇ ਹਨ। ਇਸ ਦਾ ਅਰਥ ਇਹ ਹੈ ਕਿ ਟਰੰਪ ਦੀਆਂ ਨੀਤੀਆਂ ਤੋਂ ਬਹੁਤੇ ਅਮਰੀਕੀ ਨਾਖੁਸ਼ ਹਨ। ਇਸੇ ਲਈ ਉਹ ਬਿਡੇਨ ਵੱਲ ਝੁਕਦੇ ਦਿੱਸ ਰਹੇ ਹਨ। ਜਾਪਦਾ ਹੈ ਕਿ ਹਾਲੇ ਅਮਰੀਕੀ ਸੰਸਥਾਵਾਂ ਦੀ ਸਾਖ ਰਸਾਤਲ ਵਿੱਚ ਹੈ। ਪੁਲਸ ਦੇ ਜ਼ੁਲਮ ਨਾਲ ਘੱਟਗਿਣਤੀ ਭਾਈਚਾਰਿਆਂ ਦੇ ਵਿਅਕਤੀਆਂ ਦੀ ਮੌਤ ਅਤੇ ਕੋਰੋਨਾ ਦੇ ਇਲਾਜ ਵਿੱਚ ਅਫਰੀਕੀ-ਅਮਰੀਕੀਆਂ ਨਾਲ ਹੁੰਦੇ ਪੱਖਪਾਤ ਨੇ ਵਿਰੋਧ-ਪ੍ਰਦਰਸ਼ਨਾਂ ਨੂੰ ਹੋਰ ਹਿੰਸਕ ਬਣਾ ਦਿੱਤਾ ਹੈ। ਨਸਲ ਦਾ ਮੁੱਦਾ ਅਮਰੀਕੀ ਸਮਾਜ ਅਤੇ ਨਿਜ਼ਾਮ ਦੇ ਦਿਲੋ-ਦਿਮਾਗ ਵਿੱਚ ਵੱਸਿਆ ਹੋਇਆ ਹੈ। ਜਿੱਥੋਂ ਤੱਕ ਅੰਦਰੂਨੀ ਮਾਮਲਿਆਂ ਨੂੰ ਸੰਭਾਲਣ ਦੀ ਗੱਲ ਹੈ, ਜਿਹੜਾ ਅਮਰੀਕਾ ਇਸ ਮਾਮਲੇ ਵਿੱਚ ਭਾਰਤ ਸਮੇਤ ਦੂਜੇ ਦੇਸ਼ਾਂ ਨੂੰ ਅਕਸਰ ਮਾੜੀ ਨਜ਼ਰ ਨਾਲ ਦੇਖਦਾ ਰਿਹਾ ਹੈ, ਉਹੀ ਅੱਜ ਇਕਜੁੱਟਤਾ ਦੀ ਅੰਦਰੂਨੀ ਕਮੀ ਤੋਂ ਪੀੜਤ ਮਹਿਸੂਸ ਕਰ ਰਿਹਾ ਹੈ, ਜਿਸ ਦਾ ਫਿਲਹਾਲ ਕੋਈ ਹੱਲ ਵੀ ਨਹੀਂ ਸੁੱਝ ਰਿਹਾ।


ਕੋਵਿਡ-19 ਮਹਾਮਾਰੀ ਦੇ ਨਤੀਜੇ, ਵਧਦੀ ਸਮਾਜਕ-ਆਰਥਿਕ ਭਿੰਨਤਾ, ਰਾਸ਼ਟਰਵਾਦ ਦਾ ਉਭਰਨਾ ਤੇ ਨਸਲੀ ਤਣਾਅ ਦਾ ਮਿਸ਼ਰਣ ਅਮਰੀਕਾ ਨੂੰ ਕਿਹੋ ਜਿਹਾ ਆਕਾਰ ਦੇਵੇਗਾ, ਇਸ ਦੀ ਆਪੋ-ਆਪਣੇ ਤਰੀਕੇ ਨਾਲ ਕਲਪਨਾ ਕੀਤੀ ਜਾ ਰਹੀ ਹੈ। ਕੁਝ ਲੋਕ ਇਸ ਨੂੰ ਇਸ ਰੂਪ ਵਿੱਚ ਦੇਖਦੇ ਹਨ ਕਿ ਵਿਸ਼ਵ ਪੱਧਰੀ ਮਾਮਲਿਆਂ ਵਿੱਚ ਅਮਰੀਕੀ ਸਰਬ ਉਚਤਾ ਦਾ ਅੰਤ ਹੋ ਰਿਹਾ ਹੈ। ਇਹ ਸੱਚ ਹੋਵੇ ਜਾਂ ਨਾ, ਪਰ ਅਮਰੀਕਾ ਵਿੱਚ ਖੁਦ ਨੂੰ ਮੁਸੀਬਤਾਂ ਤੋਂ ਬਾਹਰ ਕੱਢਣ ਵਾਲੀ ਅਥਾਹ ਅੰਦਰੂਨੀ ਸਮਰੱਥਾ ਹੈ। ਇਸ ਨੂੰ ਉਸ ਨੇ ਬੀਤੇ ਵਿੱਚ ਪੇਸ਼ ਵੀ ਕੀਤਾ ਹੈ। ਅਮਰੀਕਾ ਦੇ ਮੁਕਾਬਲੇ ਭਾਰਤ ਇੱਕ ਨੌਜਵਾਨ ਮੁਲਕ ਹੈ। ਅੰਦਰੂਨੀ ਆਪ-ਵਿਰੋਧਾਂ ਤੇ ਵੰਡ-ਪਾਊ ਰੇਖਾਵਾਂ ਦੇ ਬਾਵਜੂਦ ਭਾਰਤ ਇੱਕ ਲੋਕਤੰਤਰ ਦੇ ਰੂਪ ਵਿੱਚ ਆਪਣਾ ਵਜੂਦ ਬਚਾ ਕੇ ਰੱਖਣ ਵਿੱਚ ਸਫਲ ਰਿਹਾ ਹੈ। ਇਸ ਦੇ ਬਾਵਜੂਦ ਭਾਰਤ ਖੁਦ ਨੂੰ ਆਧੁਨਿਕ ਰਾਸ਼ਟਰ ਦੇ ਤੌਰ 'ਤੇ ਢਾਲਣ ਵਿੱਚ ਰੁੱਝਿਆ ਹੋਇਆ ਹੈ। ਇਸ ਤਰ੍ਹਾਂ ਆਉਣ ਵਾਲੀਆਂ ਚੁਣੌਤੀਆਂ 'ਤੇ ਪੱਛਮੀ ਮੁਲਕਾਂ ਨੇ ਰੋਣ-ਪਿੱਟਣ ਤੋਂ ਕਦੇ ਪਰਹੇਜ਼ ਨਹੀਂ ਕੀਤਾ। ਤਾਜ਼ਾ ਦੌਰ ਵਿੱਚ ਚਾਹੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦਾ ਮਸਲਾ ਹੋਵੇ ਜਾਂ ਘੱਟ ਗਿਣਤੀਆਂ ਦਾ ਮੁੱਦਾ, ਉਸ ਵਿੱਚ ਇਹੀ ਰੁਝਾਨ ਦੇਖਣ ਨੂੰ ਮਿਲਿਆ ਕਿ ਭਾਰਤ ਨੂੰ ਉਸ ਦੇ ਪੱਛਮੀ ਮਾਡਲ ਦੀ ਧੌਂਸ ਦਿਖਾਈ ਜਾਵੇ ਜਿਸ ਨੂੰ ਉਹ ਉਚ ਪੱਧਰੀ ਮੰਨਦੇ ਹਨ। ਅੱਜ ਜਦ ਸਰਬ ਉਚਤਾ ਦਾ ਭਰਮ ਟੁੱਟ ਰਿਹਾ ਹੈ ਤਾਂ ਭਾਰਤ ਬਦਲਵਾਂ ਮਾਡਲ ਅਰਥਾਤ ਨਵਾਂ ਰੂਪ ਪੇਸ਼ ਕਰ ਸਕਦਾ ਹੈ। ਅਜਿਹਾ ਨਵਾਂ ਰੂਪ ਜੋ ਕਿਤੇ ਵੱਧ ਭਾਰਤੀ ਕਦਰਾਂ-ਕੀਮਤਾਂ 'ਤੇ ਆਧਾਰਤ ਹੋਵੇ।

ਲੱਗਦਾ ਹੈ ਕਿ ਅਮਰੀਕਾ ਹੋਰ ਵੱਧ ਕਤਾਰਬੰਦ ਹੋਵੇਗਾ ਤੇ ਉਸ ਦੀ ਰਾਜਨੀਤੀ ਵਿੱਚ ਟਕਰਾਅ ਵੀ ਵਧੇਗਾ। ਇਹ ਸ਼ਾਇਦ ਅਜਿਹਾ ਪੜਾਅ ਹੈ ਕਿ ਭਾਰਤ ਅੰਦਰੂਨੀ ਦੁਸ਼ਵਾਰੀਆਂ ਨਾਲ ਨਜਿੱਠਣ ਵਿੱਚ ਅਮਰੀਕਾ ਨੂੰ ਇੱਕ-ਅੱਧੀ ਸਲਾਹ ਦੇ ਸਕੇ। ਭਾਰਤ ਵਿੱਚ ਸਭ ਲੋਕਾਂ ਲਈ ਦੇਸ਼ ਦੇ ਅੰਦਰੂਨੀ ਮਾਮਲਿਆਂ 'ਤੇ ਅਮਰੀਕੀ ਆਲੋਚਨਾ ਇੱਕ ਵੱਡਾ ਸੰਕੇਤ ਹੁੰਦੀ ਹੈ। ਪੱਛਮੀ ਮੀਡੀਆ ਵਿੱਚ ਕਿਸੇ ਇੱਕੋ ਜ਼ਿਕਰ ਨਾਲ ਮੰਨ ਲਿਆ ਜਾਂਦਾ ਹੈ ਕਿ ਭਾਰਤ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਗੜਬੜ ਕਰ ਰਿਹਾ ਹੈ। ਅੱਜ ਵਕਤ ਹੈ ਹੈ ਕਿ ਅਸੀਂ ਭਾਰਤ ਦੀਆਂ ਪ੍ਰਾਪਤੀਆਂ ਬਾਰੇ ਵੱਧ ਆਤਮ-ਵਿਸ਼ਵਾਸ਼ ਦਾ ਸਬੂਤ ਦੇਈਏ ਅਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਗੈਰ ਜ਼ਰੂਰੀ ਦਖਲ ਦੀ ਅਣਦੇਖੀ ਕਰਨ ਦੇ ਨਾਲ ਉਸ ਦੀ ਲੋੜੀਂਦੀ ਨਿਖੇਧੀ ਵੀ ਕਰੀਏ। ਇੰਝ ਕਰਨ ਨਾਲ ਜਿੱਥੇ ਦੁਨੀਆ ਵਿੱਚ ਭਾਰਤ ਦੀ ਵੁੱਕਤ ਵਧੇਗੀ, ਉਥੇ ਹੀ ਵਿਸ਼ਵ ਪੱਧਰ 'ਤੇ ਉਸ ਵਿਰੁੱਧ ਉਠ ਰਹੀਆਂ ਵਿਰੋਧੀ ਸੁਰਾਂ ਵੀ ਮੱਠੀਆਂ ਪੈ ਜਾਣਗੀਆਂ। ਭਾਰਤ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਸ ਨੂੰ ਆਪਣੇ ਮਸਲੇ ਖੁਦ ਹੀ ਨਜਿੱਠਣੇ ਪੈਣਗੇ। ਹੋਰਾਂ 'ਤੇ ਟੇਕ ਰੱਖਣ ਦੀ ਨੀਤੀ ਤਿਆਗਣੀ ਬੇਹੱਦ ਜ਼ਰੂਰੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਖੇਤੀ ਬਿੱਲ ਰੱਦ ਹੋਣ ਤੱਕ ਕੇਂਦਰ ਨਾਲ ਕੋਈ ਗੱਲ ਹੀ ਨਹੀਂ ਕਰਨੀ: ਸੁਖਬੀਰ ਬਾਦਲ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਖੇਤੀ ਸੁਧਾਰ ਬਿੱਲਾਂ ਦੇ ਖਿਲਾਫ ਸਖਤ ਸਟੈਂਡ ਲੈ ਕੇ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰ ਨਾਲ ਉਨ੍ਹਾਂ ਦੀ ਪਾਰਟੀ ਉਦੋਂ ਤੱਕ ਕੋਈ ਗੱਲਬਾਤ ਨਹੀਂ ਕਰੇਗੀ, ਜਦੋਂ ਤੱਕ ਕੇਂਦਰ ਸਰਕਾਰ ਖੇਤੀਬਾੜੀ ਬਿੱਲਾਂ ਨੂੰ ਵਾਪਸ ਨਹੀਂ ਲੈਂਦੀ।

ਵਰਨਣ ਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਹੋਏ ਸਖਤ ਵਿਰੋਧ ਤੋਂ ਬਾਅਦ ਅਕਾਲੀ ਦਲ ਨੂੰ ਵੀ ਪਾਰਲੀਮੈਂਟ ਵਿੱਚ ਬਿੱਲਾਂ ਦਾ ਵਿਰੋਧ ਕਰ ਕੇ ਨਰਿੰਦਰ ਮੋਦੀ ਸਰਕਾਰ ਦੇ ਖਿਲਾਫ ਸਟੈਂਡ ਲੈਣਾ ਪਿਆ ਹੈ। ਦਿੱਲੀ ਦੇ ਸਫਦਰਜੰਗ ਰੋਡ ਵਾਲੀ ਹਰਸਿਮਰਤ ਕੌਰ ਬਾਦਲ ਦੀ ਸਰਕਾਰੀ ਕੋਠੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਛੋਟੇ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਿਸਾਨ ਹਿਤੈਸ਼ੀ ਪਾਰਟੀ ਹੈ ਅਤੇ ਉਹ ਆਪਣੇ ਸਟੈਂਡ ’ਤੇ ਕਾਇਮ ਰਹਿ ਕੇ ਅੱਗੇ ਹੋ ਕੇ ਸੰਘਰਸ਼ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਜਾ ਕੇ ਪਾਰਟੀ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਕਿਸਾਨਾਂ ਲਈ ਅੱਗੇ ਲੱਗ ਕੇ ਸੰਘਰਸ਼ ਕੀਤਾ ਜਾਵੇਗਾ ਅਤੇ ਓਦੋਂ ਤੱਕ ਕੇਂਦਰ ਸਰਕਾਰ ਨਾਲ ਗੱਲ ਨਹੀਂ ਕੀਤੀ ਜਾਵੇਗਾ ਜਦੋਂ ਤੱਕ ਉਹ ਕਿਸਾਨ ਵਿਰੋਧੀ ਬਿੱਲ ਵਾਪਸ ਨਹੀਂ ਲੈਂਦੀ। ਦੂਸਰੇ ਪਾਸੇ ਖੇਤੀ ਵਿਰੋਧੀ ਆਰਡੀਨੈਂਸਾਂ ਦੇ ਖਿਲਾਫ ਪੰਜਾਬ ਵਿੱਚ ਚੱਲਦੇ ਕਿਸਾਨ ਅੰਦੋਲਨ ਨੂੰ ਸੂਬੇ ਦੀਆਂ ਸਭ ਕਿਸਾਨ ਧਿਰਾਂ ਮਿਲ ਕੇ ਇਹ ਲੜਾਈ ਲੜ ਰਹੀਆਂ ਹਨ। ਮੋਗਾ ਵਿੱਚ 31 ਜਥੇਬੰਦੀਆਂ ਦੀ ਮੀਟਿੰਗ ਦੀ ਰਿਪੋਰਟ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਡਾ. ਦਰਸ਼ਨ ਪਾਲ ਪਟਿਆਲਾ ਨੇ ਪਟਿਆਲਾ ਵਿੱਚ ਜਾਰੀ ਕੀਤੀ ਹੈ। ਅਕਾਲੀ ਦਲ ਤੇ ਭਾਜਪਾ ਦੇ ਕਿਸਾਨ ਵਿੰਗਾਂ ਸਮੇਤ ਇਨ੍ਹਾਂ 31 ਕਿਸਾਨ ਜਥੇਬੰਦੀਆਂ ਨੇ ਸਭ ਕਿਸਾਨ ਧਿਰਾਂ ਨੂੰ ਇਕਜੁੱਟ ਕਰਨ ਦਾ ਇਹ ਫੈਸਲਾ ਮਿਲ ਕੇ ਕੀਤਾ ਹੈ ਅਤੇ ਇਸ ਸੰਗਠਨ ਨੇ ਹੀ 25 ਸਤੰਬਰ ਦੇ ਪੰਜਾਬ ਬੰਦ ਦਾ ਸੱਦਾ ਦਿੱਤਾ ਹੋਇਆ ਹੈ।

# ਡਾਕਟਰਾਂ ਤੇ ਸਿਹਤ ਕਾਮਿਆਂ ਉੱਤੇ ਹਮਲਾ ਕਰਨ ਵਾਲੇ ਲੋਕਾਂ ਨੂੰ ਸਖਤ ਸਜ਼ਾ ਹੋਏਗੀ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਨੇ ਨ ਮਹਾਮਾਰੀ ਰੋਗ (ਸੋਧ) ਬਿੱਲ 2020 ਨੂੰ ਕੱਲ੍ਹ ਪਾਸ ਕਰ ਦਿੱਤਾ ਹੈ। ਇਸ ਬਿੱਲ ਤਹਿਤ ਕੋਰੋਨਾ ਮਹਾਮਾਰੀ ਜਾਂ ਇਸੇ ਤਰ੍ਹਾਂ ਦੀ ਕਿਸੇ ਹੋਰ ਬਿਮਾਰੀ ਨਾਲ ਲੜ ਰਹੇ ਡਾਕਟਰਾਂ ਤੇ ਸਿਹਤ ਕਾਮਿਆਂ ’ਤੇ ਹਮਲਾ ਕਰਨ ਵਾਲਿਆਂ ਨੂੰ ਸੱਤ ਸਾਲ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਡਾਕਟਰਾਂ ਖਿਲਾਫ ਹਮਲਾ ਗੈਰ-ਜ਼ਮਾਨਤੀ ਜੁਰਮ ਹੋਵੇਗਾ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਇਸ ਸਾਲ ਅਪ੍ਰੈਲ ਵਿੱਚ ਦੇਸ਼ ਦੇ ਸਿਹਤ ਕਰਮੀਆਂ ਦੇ ਖਿਲਾਫ ਹਮਲਿਆਂ ਬਾਰੇ ਵੱਡੀ ਸਜ਼ਾ ਲਈ ਮਹਾਮਾਰੀ ਰੋਗ ਐਕਟ 1897 ਵਿੱਚ ਸੋਧ ਕਰਨ ਲਈ ਇਹ ਆਰਡੀਨੈਂਸ ਲਿਆਈ ਸੀ। ਇਸ ਨੂੰ ਕਾਨੂੰਨੀ ਰੂਪ ਦੇਣ ਲਈ ਰਾਜ ਸਭਾ ਤੋਂ ਮਨਜ਼ੂਰੀ ਮਿਲ ਗਈ ਹੈ। ਇਸ ’ਚ ਹਸਪਤਾਲ ਸਫਾਈ ਸਟਾਫ, ਆਸ਼ਾ ਵਰਕਰਾਂ ਅਤੇ ਪੁਲਸ ਸਮੇਤ ਹੋਰ ਕੋਰੋਨਾ ਯੋਧਿਆਂ ਨੂੰ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਐਕਟ ਦੇ ਦੋਸ਼ੀ ਨੂੰ ਤਿੰਨ ਮਹੀਨੇ ਤੋਂ ਲੈ ਕੇ ਪੰਜ ਸਾਲ ਤੱਕ ਸਜ਼ਾ ਹੋ ਸਕਦੀ ਹੈ ਅਤੇ ਪੰਜਾਹ ਹਜ਼ਾਰ ਤੋਂ ਦੋ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਸੇ ਤਰ੍ਹਾਂ ਸੱਟ ਮਾਰਨ ’ਤੇ ਸਜ਼ਾ ਛੇ ਮਹੀਨੇ ਤੋਂ ਸੱਤ ਸਾਲ ਤੱਕ ਹੋ ਸਕਦੀ ਹੈ ਜਦੋਂ ਕਿ ਇੱਕ ਲੱਖ ਰੁਪਏ ਤੋਂ ਪੰਜ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ।

ਇਸ ਬਿੱਲ ਦੇ ਸਬੰਧ ਵਿੱਚ ਕੇਂਦਰੀ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਹਰਸ਼ ਵਰਧਨ ਨੇ ਕਿਹਾ ਕਿ ਕੇਂਦਰ ਸਰਕਾਰ ਮਹਾਮਾਰੀ ਸਮੇਤ ਹੋਰ ਜੈਵਿਕ ਹੰਗਾਮੀ ਸਥਿਤੀ ਅਤੇ ਸਿਹਤ ਸਬੰਧੀ ਵਿਸ਼ੇ ਨੂੰ ਲੈ ਕੇ ਇੱਕ ਸਮੁੱਚਾ ਅਤੇ ਸਾਂਝਾ ਕੌਮੀ ਜਨਤਕ ਸਿਹਤ ਐਕਟ ਬਣਾਉਣ ਦੀ ਤਿਆਰੀ ਕਰ ਰਹੀ ਹੈ। ਇਹ ਗੱਲ ਉਨ੍ਹਾਂ ਨੇ ਰਾਜ ਸਭਾ ਵਿੱਚ ਇਸ ਬਿੱਲ ’ਤੇ ਚਰਚਾ ਦੇ ਜਵਾਬ ਵਿੱਚ ਕਹੀ। ਇਸ ਪਿੱਛੋਂ ਜ਼ੁਬਾਨੀ ਵੋਟਾਂ ਨਾਲ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ।

# ਬੰਗਾਲ ਤੇ ਕੇਰਲ ਤੋਂ ਅਲ ਕਾਇਦਾ ਦੇ ਨੌਂ ਅੱਤਵਾਦੀ ਗ੍ਰਿਫਤਾਰ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੂੰ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾ ਰਹੇ ਅੱਤਵਾਦੀਆਂ ਦੇ ਖਿਲਾਫ ਇੱਕ ਵੱਡੀ ਸਫਲਤਾ ਮਿਲੀ ਹੈ। ਐਨ ਆਈ ਏ ਨੇ ਪੱਛਮੀ ਬੰਗਾਲ ਅਤੇ ਕੇਰਲ ਤੋਂ ਅੱਤਵਾਦੀ ਸੰਗਠਨ ਅਲ ਕਾਇਦਾ ਦਾ ਪਰਦਾ ਫਾਸ਼ ਕੀਤਾ ਅਤੇ ਕੱਲ੍ਹ ਸਵੇਰੇ ਛਾਪੇਮਾਰੀ ਕਰ ਕੇ ਅਲ ਕਾਇਦਾ ਦੇ ਛੇ ਅੱਤਵਾਦੀਆਂ ਨੂੰ ਬੰਗਾਲ ਤੋਂ ਅਤੇ ਤਿੰਨ ਨੂੰ ਕੇਰਲ ਤੋਂ ਫੜਿਆ ਹੈ। ਅਦਾਲਤ ਨੇ ਸਾਰਿਆਂ ਨੂੰ 24 ਸਤੰਬਰ ਤੱਕ ਐਨ ਆਈ ਏ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਅੱਤਵਾਦੀਆਂ ਨੂੰ ਰਾਜਧਾਨੀ ਦਿੱਲੀ ਖੇਤਰ ਸਮੇਤ ਕਈ ਸਥਾਨਾਂ ’ਤੇ ਹਮਲੇ ਕਰਨ ਲਈ ਉਕਸਾਇਆ ਗਿਆ ਸੀ ਅਤੇ ਇਹ ਦਿੱਲੀ ਅਤੇ ਦੇਸ਼ ਦੇ ਕਈ ਸਥਾਨਾਂ ’ਤੇ ਹਮਲੇ ਕਰਨ ਦੀ ਤਿਆਰੀ ਵਿੱਚ ਸਨ। ਇਹੀ ਨਹੀਂ, ਇਹ ਕਸ਼ਮੀਰ ਤੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਸਨ। ਏਜੰਸੀ ਅਨੁਸਾਰ ਬੰਗਾਲ ਦੇ ਮੁਰਸ਼ਿਦਾਬਾਦ ਤੇ ਕੇਰਲ ਦੇ ਐਰਨਾਕੁਲਮ ਵਿੱਚ ਕੁਝ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਉੱਤੇ ਛਾਪੇਮਾਰੀ ਕੀਤੀ ਸੀ। ਦੋਸ਼ੀਆਂ ਦੀ ਪਛਾਣ ਐਰਨਾਕੁਲਮ ਤੋਂ ਮੁਰਸ਼ੀਦ ਹਸਨ, ਲਿਆਕੂਬਹ ਬਿਸਵਾਸ, ਮੋਸ਼ਰਫ ਹੁਸੈਨ ਤੇ ਮੁਰਸ਼ਿਦਾਬਾਦ ਤੋਂ ਨਜਮੁਸ ਸਾਕਿਬ, ਅਬੂ ਸੂਫੀਆਨ, ਮੈਨੁਲ ਮੰਡਲ, ਲੀਯੂ ਯੀਨ ਅਹਿਮਦ, ਅਲ ਮਾਮੁਨ ਕਮਲ ਅਤੇ ਅਤਿਤੁਰ ਰਹਿਮਾਨ ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਸਨ ਇਨ੍ਹਾਂ ਦਾ ਨੇਤਾ ਹੈ, ਜੋ ਪੱਛਮੀ ਬੰਗਾਲ ਦਾ ਹੈ। ਛਾਪੇਮਾਰੀ ਦੌਰਾਨ ਇਨ੍ਹਾਂ ਕੋਲੋਂ ਪਟਾਕਿਆਂ ਦੇ ਬਾਰੂਦ ਨੂੰ ਆਈ ਈ ਡੀ ਵਿੱਚ ਬਦਲਣ ਦੇ ਸਾਮਾਨ ਦੇ ਨਾਲ ਬੈਟਰੀਆਂ ਵੀ ਮਿਲੀਆਂ ਹਨ। ਇਹ ਹਮਲੇ ਕਰ ਕੇ ਭੋਲੇ-ਭਾਲੇ ਲੋਕਾਂ ਨੂੰ ਮਾਰਨਾ ਚਾਹੁੰਦੇ ਸਨ। ਇਨ੍ਹਾਂ ਤੋਂ ਤੇਜ਼ਧਾਰ ਹਥਿਆਰਾਂ, ਡਿਜੀਟਲ ਸਾਮਾਨ, ਦਸਤਾਵੇਜ਼ ਅਤੇ ਹੋਰ ਸਾਮਾਨ ਮਿਲਿਆ ਹੈ, ਜੋ ਧਮਾਕੇ ਕਰਨ ਲਈ ਵਰਤਿਆ ਜਾ ਸਕਦਾ ਹੈ।

# ਮੋਦੀ ਦੇ ਚੋਣ ਹਲਕੇ ਦੇ ਰੇਲਵੇ ਸਟੇਸ਼ਨਾਂ ਦੇ ਨਾਂਵਾਂ ਦਾ ਅਜਬ ਰੰਗ

*** ਇੱਕੋ ਹਲਕੇ ਵਿੱਚ ਵਾਰਾਣਸੀ, ਕਾਸ਼ੀ ਅਤੇ ਬਨਾਰਸ ਸਟੇਸ਼ਨ ਹੋਣਗੇ**

ਵਾਰਾਣਸੀ, 20 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਲੀਮੈਂਟਰੀ ਖੇਤਰ ਵਿੱਚ ਮੰਡੂਵਾਡੀਹ ਰੇਲਵੇ ਸਟੇਸ਼ਨ ਦਾ ਨਾਂਅ ‘ਬਨਾਰਸ’ ਰੱਖਣ ਦੀਆਂ ਸਭ ਰਸਮੀ ਕਾਰਵਾਈਆਂ ਪੂਰੀਆਂ ਹੋਣ ਪਿੱਛੋਂ ਇਥ ਦੇ ਤਿੰਨ ਸਟੇਸ਼ਨ ਅੱਗੇ ਤੋਂ ਇਸ ਪ੍ਰਾਚੀਨ ਧਾਰਮਿਕ ਸ਼ਹਿਰ ਦੇ ਮਸ਼ਹੂਰ ਤਿੰਨ ਨਾਵਾਂ ਕਾਸ਼ੀ, ਵਾਰਾਣਸੀ ਅਤੇ ਬਨਾਰਸ ਨਾਲ ਵੱਖੋ-ਵੱਖ ਜਾਣੇ ਜਾਣਗੇ। ਇਹ ਆਪਣੀ ਤਰ੍ਹਾਂ ਦਾ ਪਹਿਲਾ ਮਾਮਲਾ ਹੋਵੇਗਾ।

ਵਾਰਾਣਸੀ ਸ਼ਹਿਰ ਦੇ ਮੰਡੂਵਾਡੀਹ ਰੇਲਵੇ ਸਟੇਸ਼ਨ ਦਾ ਨਾਂਅ ਬਦਲਣ ਦੀਆਂ ਸਭ ਰਸਮੀ ਕਾਰਵਾਈਆਂ ਪੂਰੀਆਂ ਹੋਣ ਦੇ ਬਾਅਦ ਉਤਰ ਪੂਰਬੀ ਰੇਲਵੇ ਦਾ ਇਹ ਸਟੇਸ਼ਨ ਅੱਗੇ ਤੋਂ ‘ਬਨਾਰਸ’ ਵਜੋਂ ਜਾਣਿਆ ਜਾਏਗਾ। ਇਸ ਸ਼ਹਿਰ ਵਿੱਚ ‘ਬਨਾਰਸ’, ‘ਵਾਰਾਣਸੀ’ ਅਤੇ ‘ਕਾਸ਼ੀ’ ਤਿੰਨ ਵੱਖ-ਵੱਖ ਸਟੇਸ਼ਨ ਬਣਾਏ ਗਏ ਹਨ। ਇਹ ਸਾਰੇ ਸਟੇਸ਼ਨ ਪਹਿਲਾਂ ਤੋਂ ਹੀ ਹਨ। ‘ਵਾਰਾਣਸੀ’ ਅਤੇ ‘ਕਾਸ਼ੀ’ ਨਾਂਅ ਪਹਿਲਾਂ ਤੋਂ ਮੌਜੂਦ ਹਨ। ਤੀਸਰਾ ਸਟੇਸ਼ਨ ਅੱਜ ਤੱਕ ਮੰਡੂਵਾਡੀਹ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਸ ਸਮੇਂ ਵਾਰਾਣਸੀ ਦੇ ਨਾਂਅ ਨਾਲ ਜਾਣਿਆ ਜਾਣ ਵਾਲਾ ਇਹ ਧਾਰਮਿਕ ਸ਼ਹਿਰ ਵੱਖ-ਵੱਖ ਸਮੇਂ ਵਿੱਚ ਅਧਿਕਾਰਤ ਤੌਰ ’ਤੇ ਕਾਸ਼ੀ ਅਤੇ ਬਨਾਰਸ ਦੇ ਨਾਂਅ ਤੋਂ ਜਾਣਿਆ ਜਾਂਦਾ ਰਿਹਾ ਸੀ।

# ਕਾਰ ਦਾ ਭਾੜਾ ਨਾ ਦੇ ਸਕਣ ਕਾਰਨ ਪੁੱਤਰ ਗਹਿਣੇ ਰੱਖ ਦਿੱਤਾ



ਬੜਹੀ (ਹਜ਼ਾਰੀਬਾਗ), 20 ਸਤੰਬਰ (ਪੋਸਟ ਬਿਊਰੋ)- ਕੋਲਕਾਤਾ ਤੋਂ ਮੁੜਿਆ ਇੱਕ ਮਜ਼ਦੂਰ ਆਪਣੇ ਪਿਤਾ ਦਾ ਕਾਰ ਦਾ ਭਾੜਾ ਨਾ ਦੇ ਸਕਿਆ ਤਾਂ ਆਪਣੇ ਸੱਤ ਸਾਲਾ ਬੇਟੇ ਨੂੰ ਕਾਰ ਮਾਲਕ ਕੋਲ ਇਸ ਸ਼ਰਤ ਉਤੇ ਗਿਰਵੀ ਰੱਖ ਦਿੱਤਾ ਕਿ ਵਿਆਜ ਸਮੇਤ ਭਾੜਾ ਮੋੜਨ ’ਤੇ ਉਸ ਨੂੰ ਲੈ ਜਾਏਗਾ। ਇੱਕ ਸਵੈ ਸੇਵੀ ਸੰਸਥਾ ਨੇ ਸੂਚਨਾ ਮਿਲਣ ਉੱਤੇ ਉਸ ਨੇ ਇਸ ਬੱਚੇ ਨੂੰ ਛੁਡਾ ਲਿਆ ਹੈ। ਪੁਲਸ ਕੋਲ ਦੋਵਾਂ ਧਿਰਾਂ ਨੇ ਇਸ ਦੀ ਗਲਤੀ ਮੰਨੀ ਹੈ।

ਇਹ ਕੇਸ ਬਿਹਾਰ ਦੇ ਹਜ਼ਾਰੀਬਾਗ ਜ਼ਿਲ੍ਹੇ ਦੇ ਪਿੰਡਾਰਕੋਨ ਪਿੰਡ ਦਾ ਹੈ, ਜਿੱਥੋਂ ਦਾ ਤਾਲੋ ਭੁਈਆਂ ਕੋਲਕਾਤਾ ਵਿੱਚ ਮਜ਼ਦੂਰੀ ਕਰਦਾ ਸੀ। ਲਾਕਡਾਊਨ ਵਿੱਚ ਕੰਮ ਬੰਦ ਹੋਇਆ ਤਾਂ ਉਹ ਮਈ ਵਿੱਚ ਪਰਵਾਰ ਸਣੇ ਪਿੰਡ ਆ ਗਿਆ। ਆਪਣਾ ਸਾਮਾਨ ਲੈਣ ਅਤੇ ਇੱਕ ਰਿਸ਼ਤੇਦਾਰ ਨੂੰ ਮਿਲਣ ਲਈ ਉਸ ਨੇ ਜੁਲਾਈ ਵਿੱਚ ਪਿੰਡ ਦੇ ਨੇਪਾਲੀ ਰਜਕ ਦੀ ਆਲਟੋ ਕਾਰ 16 ਹਜ਼ਾਰ ਰੁਪਏ ਦੇ ਭਾੜੇ ’ਤੇ ਲਈ ਅਤੇ ਉਹ ਕੋਲਕਾਤਾ ਗਿਆ। ਵਾਪਸੀ ’ਤੇ ਕਿਰਾਇਆ ਨਾ ਦੇ ਸਕਿਆ ਤਾਂ ਨੇਪਾਲੀ ਰਜਕ ਨੇ ਜਦ ਸਖਤੀ ਦਿਖਾਈ ਤਾਂ ਉਸ ਨੇ ਸੱਤ ਸਾਲਾ ਬੇਟੇ ਨੂੰ ਉਸ ਕੋਲ ਗਿਰਵੀ ਰੱਖ ਦਿੱਤਾ। ਨੇਪਾਲੀ ਨੇ ਉਸ ਬੱਚੇ ਨੂੰ ਆਪਣੇ ਸਹੁਰੇ ਬੜਹੀ ਡਵੀਜ਼ਨ ਦੇ ਗੌਰਿਆਕਰਮਾ ਪਿੰਡ ਵਿੱਚ ਮੋਤੀ ਰਜਕ ਦੇ ਕੋਲ ਭੇਜ ਦਿੱਤਾ। ਉਥੋਂ ਦੀ ਜਨਸੇਵਾ ਵਿਕਾਸ ਪ੍ਰੀਸ਼ਦ ਨੇ ਕੱਲ੍ਹ ਬੜਹੀ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਬੱਚੇ ਅਤੇ ਮੋਤੀ ਰਜਕ ਨੂੰ ਥਾਣੇ ਲੈ ਆਈ।

# ਸਵੇਰੇ ਸੈਰ ਕਰਨ ਗਈਆਂ ਸੱਸ-ਨੂੰਹ ਨੂੰ ਲੁਟੇਰਿਆਂ ਨੇ ਲੁੱਟ ਲਿਆ

ਗੋਰਾਇਆ, 20 ਸਤੰਬਰ (ਪੋਸਟ ਬਿਊਰੋ)- ਦਾਣਾ ਮੰਡੀ ਗੋਰਾਇਆ ਨੇੜੇ ਸਵੇਰੇ ਕਰੀਬ ਛੇ ਵਜੇ ਸੈਰ ਕਰਨ ਜਾਂਦੀਆਂ ਸੱਸ ਅਤੇ ਨੂੰਹ ਤੋਂ ਬਾਈਕ ਸਵਾਰ ਲੁਟੇਰੇ ਸੋਨੇ ਦੇ ਗਹਿਣੇ ਖੋਹ ਕੇ ਲੈ ਗਏ। ਇਸ ਬਾਰੇ ਚੰਦਰਾਵਤੀ ਨੇ ਦੱਸਿਆ ਕਿ ਉਹ ਆਪਣੀ ਨੂੰਹ ਦੇ ਨਾਲ ਸਵੇਰ ਦੀ ਸੈਰ ਕਰਨ ਜਾ ਰਹੀ ਸੀ ਕਿ ਦਾਣਾ ਮੰਡੀ ਗੋਰਾਇਆ ਨੇੜੇ ਬਾਈਕ ’ਤੇ ਆਏ ਤਿੰਨ ਨੌਜਵਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਤਿੰਨਾਂ ਦੇ ਕੋਲ ਦਾਤਰ ਅਤੇ ਕਿਰਪਾਨ ਸੀ ਅਤੇ ਉਨ੍ਹਾਂ ਨੇ ਆਉਂਦੇ ਸਾਰ ਹੀ ਉਸ ਦੀ ਨੂੰਹ ਨੂੰ ਸੁੱਟ ਕੇ ਉਸ ਦੇ ਸਿਰ ’ਤੇ ਦਾਤਰ ਰੱਖ ਦਿੱਤਾ। ਡਰ ਕਾਰਨ ਦੋਵਾਂ ਨੇ ਆਪਣੀਆਂ ਸੋਨੇ ਦੀਆਂ ਵਾਲੀਆਂ ਅਤੇ ਨੱਕ ਦੀ ਨਥਨੀ ਲੁਟੇਰਿਆਂ ਨੂੰ ਦੇ ਦਿੱਤੀ, ਜਿਸ ਨੂੰ ਲੈ ਕੇ ਉਹ ਫਰਾਰ ਹੋ ਗਏ। ਦੂਸਰੀ ਘਟਨਾ ਗੋਰਾਇਆ ਦੇ ਸਰਗੁੰਦੀ ਰੋਡ ’ਤੇ ਹੋਈ, ਜਿੱਥੇ ਬੋਪਾਰਾਏ ਰੋਡ ’ਤੇ ਆਪਣੇ ਬੁਟੀਕ ਵੱਲ ਜਾ ਰਹੀ ਔਰਤ ਦੇ ਹੱਥ ਵਿੱਚ ਫੜਿਆ ਲਿਫਾਫਾ ਖੋਹ ਕੇ ਬਾਈਕ ਸਵਾਰ ਲੈ ਗਏ।

# ਪੰਜਾਬ ਕਾਂਗਰਸ ਦੇ ਕੇਂਦਰੀ ਇੰਚਾਰਜ ਹਰੀਸ਼ ਰਾਵਤ ਨੇ ਸਿੱਧੂ ਦੀ ਵਾਪਸੀ ਦੇ ਸੰਕੇਤ ਦਿੱਤੇ

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਵੱਲੋਂ ਪਿੱਛੇ ਜਿਹੇ ਪੰਜਾਬ ਕਾਂਗਰਸ ਦੇ ਇੰਚਾਰਜ ਥਾਪੇ ਗਏ ਹਰੀਸ਼ ਰਾਵਤ ਨੇ ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਵਾਪਸੀ ਦੇ ਸੰਕੇਤ ਦਿੱਤੇ ਹਨ। ਇਸ ਦੇ ਨਾਲ ਪਤਾ ਲੱਗਾ ਹੈ ਕਿ ਨਵੇਂ ਕਾਂਗਰਸ ਇੰਚਾਰਜ ਜਲਦੀ ਪੰਜਾਬ ਦਾ ਦੌਰਾ ਕਰਕੇ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਸੰਪਰਕ ਕਰਨਗੇ। ਦੂਜੇ ਪਾਸੇ ਕਾਂਗਰਸੀ ਸੂਤਰਾਂ ਅਨੁਸਾਰ ਹਰੀਸ਼ ਰਾਵਤ ਨਵਜੋਤ ਸਿੰਘ ਸਿੱਧੂ ਨੂੰ ਵਾਪਸ ਸੂਬੇ ਦੀ ਸਰਗਰਮ ਰਾਜਨੀਤੀ ਵਿੱਚ ਲਿਆਉਣਾ ਚਾਹੁੰਦੇ ਹਨ ਅਤੇ ਹੋ ਸਕਦਾ ਹੈ ਕਿ ਅਗਲੇ ਦਿਨਾਂ ਵਿੱਚ ਉਹ ਸਿੱਧੂ ਨਾਲ ਇਸ ਬਾਰੇ ਸੰਪਰਕ ਬਣਾ ਕੇ ਗੱਲਬਾਤ ਵੀ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਸੰਭਾਵਨਾ ਦਾ ਅੰਦਾਜ਼ਾ ਹਰੀਸ਼ ਰਾਵਤ ਦੇ ਉਸ ਤਾਜ਼ਾ ਬਿਆਨ ਤੋਂ ਲਾਇਆ ਜਾ ਸਕਦਾ ਹੈ, ਜਿਸ ਵਿੱਚ ਉਨ੍ਹਾਂ ਨੇ ਸਿੱਧੂ ਦੀ ਖੁੱਲ੍ਹ ਕੇ ਤਾਰੀਫ ਕਰਦਿਆਂ ਕਿਹਾ ਕਿ ਸਿੱਧੂ ਕਾਂਗਰਸ ਲਈ ਬੇਹੱਦ ਖਾਸ ਹਨ ਅਤੇ ਉਹ ਪਾਰਟੀ ਦੀ ਅਹਿਮ ਸੰਪਤੀ ਹਨ। ਉਨ੍ਹਾਂ ਕਿਹਾ ਕਿ ਪਾਰਟੀ ਲਈ ਪੰਜਾਬ ਵਿੱਚ ਹੀ ਸਿੱਧੂ ਦੀ ਨਹੀਂ, ਸਗੋਂ ਦੇਸ਼ ਵਿੱਚ ਅਹਿਮੀਅਤ ਹੈ। ਉਧਰ ਨਵਜੋਤ ਸਿੰਘ ਸਿੱਧੂ ਨੇ ਲੰਮੇ ਸਮੇਂ ਦੇ ਸਿਆਸੀ ਇਕਾਂਤਵਾਸ ਤੋਂ ਚੁੱਪ ਤੋੜਦਿਆਂ ਕਿਸਾਨਾਂ ਦੇ ਮਸਲੇ ’ਤੇ ਕੇਂਦਰ ਦੀ ਮੋਦੀ ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਦੇ ਚੁੱਪੀ ਤੋੜਨ ਨੂੰ ਵੀ ਅਗਲੇ ਸਮੇਂ ਵਿੱਚ ਸਰਗਰਮੀਆਂ ਸ਼ੁਰੂ ਹੋਣ ਦੀ ਸੰਭਾਵਨਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਸਿੱਧੂ ਬਾਰੇ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਸੰਪਰਕ ’ਚ ਹੋਣ ਦੀਆਂ ਚਰਚਾਵਾਂ ਵੀ ਚੱਲਦੀਆਂ ਰਹੀਆਂ ਹਨ, ਪਰ ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਦਾ ਇੰਚਾਰਜ ਬਦਲੇ ਜਾਣ ਨਾਲ ਸਿੱਧੂ ਦੇ ਮੁੜ ਪੰਜਾਬ ਦੀ ਸਰਗਰਮ ਸਿਆਸਤ ਵਿੱਚ ਵਾਪਸੀ ਦੀ ਪੂਰੀ ਸੰਭਾਵਨਾ ਹੈ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਕਾਂਗਰਸ ਵਰਕਰਾਂ ਅਤੇ ਪਾਰਟੀ ਨਾਲ ਸਬੰਧਤ ਮੁਸ਼ਕਲਾਂ ਦੇ ਹੱਲ ਲਈ ਰਣਨੀਤੀ ਬਣਾ ਰਹੀ ਹੈ ਅਤੇ ਅਗਲੇ ਸਮੇਂ ਵਿੱਚ ਇਸ ਦਾ ਅਸਰ ਦੇਖਣ ਨੂੰ ਮਿਲੇਗਾ। ਪਾਰਟੀ ਵਰਕਰ ਹਰੀਸ਼ ਰਾਵਤ ਨਾਲ ਸੰਪਰਕ ਕਰ ਕੇ ਆਪਣੀ ਹੀ ਸਰਕਾਰ ਦੇ ਹੁੰਦਿਆਂ ਉੱਠ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾ ਰਹੇ ਹਨ, ਜਿਸ ਨੂੰ ਕਾਂਗਰਸ ਇੰਚਾਰਜ ਗੰਭੀਰਤਾ ਨਾਲ ਲੈ ਕੇ ਜਲਦੀ ਹੱਲ ਕਰਨ ਦਾ ਭਰੋਸਾ ਦੇ ਰਹੇ ਹਨ।

**ਏਅਰ ਇੰਡੀਆ ਦੀ ਫੂਕ ਨਿਕਲੀ:**

# ਮੁਲਾਜ਼ਮਾਂ ਦਾ ਟੀ ਡੀ ਐਸ ਅਤੇ ਪੀ ਐਫ ਦਾ ਪੈਸਾ ਉਡੀਕ ਕੇ ਥੱਕੇ




ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਵਿੱਤੀ ਸੰਕਟ ਨਾਲ ਜੂਝ ਰਹੀ ਭਾਰਤ ਦੀ ਸਰਕਾਰੀ ਜਹਾਜ਼ਰਾਨੀ ਕੰਪਨੀ ਏਅਰ ਇੰਡੀਆ ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਉਸ ਕੋਲ ਟੀ ਡੀ ਐਸ ਅਤੇ ਕਰਮਚਾਰੀਆਂ ਦਾ ਪ੍ਰਾਵੀਡੈਂਟ ਫੰਡ (ਈ ਪੀ ਐਫ) ਜਮਾਂ ਕਰਾਉਣ ਲਈ ਵੀ ਪੈਸਾ ਨਹੀਂ।

ਜਾਣਕਾਰ ਸੂਤਰਾਂ ਮੁਤਾਬਕ ਏਅਰ ਇੰਡੀਆ ਨੇ ਟੀ ਡੀ ਐਸ ਅਤੇ ਪੀ ਐਫ ਦੇ ਭੁਗਤਾਨ ’ਚ ਉਲੰਘਣਾ ਕੀਤੀ ਹੈ। ਸਰਕਾਰ ਏਅਰ ਇੰਡੀਆ ਨੂੰ ਵੇਚਣ ਲਈ ਜ਼ੋਰ ਲਗਾ ਰਹੀ ਹੈ, ਪਰ ਹਾਲੇ ਤੱਕ ਉਸ ਨੂੰ ਸਫਲਤਾ ਨਹੀਂ ਮਿਲੀ। ਏਅਰ ਇੰਡੀਆ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਨੇ ਟੀ ਡੀ ਐਸ ਦੇ ਭੁਗਤਾਨ ’ਚ ਡਿਫਾਲਟ ਕੀਤਾ ਹੈ, ਪਰ ਪੀ ਐਫ ਬਾਰੇ ਕੰਪਨੀ ਨੇ ਕੁਝ ਨਹੀਂ ਕਿਹਾ। ਇੱਕ ਈ-ਮੇਲ ਦੇ ਜਵਾਬ ਵਿੱਚ ਕੰਪਨੀ ਨੇ ਕਿਹਾ ਕਿ ਏਅਰ ਇੰਡੀਆ ਟੀ ਡੀ ਐਸ ਪਹਿਲਾਂ ਹੀ ਜਮ੍ਹਾਂ ਕਰ ਚੁੱਕੀ ਹੈ ਅਤੇ ਫਾਰਮ 16 ਦੇ ਡਿਸਟ੍ਰੀਬਿਊਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ, ਪਰ ਸਰਕਾਰੀ ਅਧਿਕਾਰੀਆਂ ਦਾ ਕੁਝ ਹੋਰ ਕਹਿਣਾ ਹੈ । ਇੱਕ ਅਧਿਕਾਰੀ ਨੇ ਕਿਹਾ ਕਿ ਏਅਰ ਇੰਡੀਆ ਨੇ ਇਸ ਸਾਲ ਜਨਵਰੀ ਤੋਂ ਟੀ ਡੀ ਐਸ ਅਤੇ ਪੀ ਐਫ ਦਾ ਭੁਗਤਾਨ ਨਹੀਂ ਕੀਤਾ। ਮਾਰਚ ਅੰਤ ਤੱਕ ਕੰਪਨੀ ’ਤੇ ਟੀ ਡੀ ਐਸ ਦਾ 26 ਕਰੋੜ ਰੁਪਏ ਬਕਾਇਆ ਹੈ। ਪੀ ਐਫ ਦਾ ਬਕਾਇਆ ਵੀ ਕਰੋੜਾਂ ’ਚ ਹੈ।

ਪੀ ਐਫ ਦੇ ਮੁੱਦੇ ’ਤੇ ਵਾਰ-ਵਾਰ ਰਿਮਾਈਂਡਰ ਭੇਜਣ ’ਤੇ ਏਅਰ ਇੰਡੀਆ ਦੇ ਬੁਲਾਰੇ ਨੇ ਦੱਸਿਆ ਕਿ ਕੰਪਨੀ ਇਸ ਬਾਰੇ ਕੋਈ ਹੋਰ ਟਿੱਪਣੀ ਨਹੀਂ ਕਰਨਾ ਚਾਹੁੰਦੀ। ਏਅਰ ਇੰਡੀਆ ਦੇ ਪੀ ਐਫ ਅਤੇ ਟੀ ਡੀ ਐਸ ਨਾ ਦੇਣ ਨਾਲ ਕੰਮ ਕਰ ਰਹੇ ਅਤੇ ਸਾਬਕਾ ਕਰਮਚਾਰੀ ਪ੍ਰਭਾਵਤ ਹੋ ਰਹੇ ਹਨ। ਸਾਬਕਾ ਕਰਮਚਾਰੀਆਂ ਨੂੰ ਇਸ ਦੀ ਉਡੀਕ ਹੈ। ਇਸ ਤੋਂ ਪਹਿਲਾਂ 12 ਜੁਲਾਈ ਨੂੰ ਖਬਰ ਆਈ ਸੀ ਕਿ ਹਵਾਬਾਜ਼ੀ ਮਨਿਸਟਰੀ ਨੇ ਏਅਰ ਇੰਡੀਆ ਨੂੰ ਹੋਰ ਇਕਵਿਟੀ ਸਪੋਰਟ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਨਾਲ ਕੰਪਨੀ ਦੀ ਸਥਿਤੀ ਵਿਗੜ ਹੋ ਗਈ ਹੈ।

# ਸਾਈਬਰ ਠੱਗੀਆਂ ਕਰਨ ਵਾਲੇ ਦੋ ਅੰਤਰ ਰਾਜੀ ਗੈਂਗ ਬੇਨਕਾਬ



ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਇੱਕ ਸਾਂਝੀ ਮੁਹਿੰਮ ਦੇ ਤਹਿਤ ਅੰਤਰ ਰਾਜੀ ਸਾਈਬਰ ਘੋਟਾਲੇ ਕਰਨ ਵਾਲੇ ਦੋ ਗੈਂਗਾਂ ਦਾ ਪਰਦਾ ਫਾਸ਼ ਕਰ ਕੇ ਛੇ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਨੇ ਬੈਂਕ ਅਧਿਕਾਰੀ ਬਣ ਕੇ ਖਾਤਾ ਧਾਰਕਾਂ ਨੂੰ ਲੱਖਾਂ ਦਾ ਚੂਨਾ ਲਾਇਆ ਸੀ। ਪੁਲਸ ਨੇ ਉਨ੍ਹਾਂ ਕੋਲੋਂ 8.85 ਲੱਖ ਰੁਪਏ ਨਕਦ, 11 ਮੋਬਾਈਲ ਫੋਨ, 9 ਹੈਂਡਸੈੱਟ ਅਤੇ 100 ਸਿਮ ਕਾਰਡ ਬਰਾਮਦ ਕੀਤੇ ਹਨ।

ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਡੀ ਜੀ ਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਵਿੱਚ 4 ਮੈਂਬਰਾਂ ਵਾਲਾ ਇੱਕ ਗੈਂਗ ਦਿੱਲੀ ਅਤੇ ਦੋ ਮੈਂਬਰਾਂ ਵਾਲਾ ਦੂਜਾ ਗੈਂਗ ਬਿਹਾਰ ਦੇ ਜਾਮਤਾਰਾ ਤੋਂ ਕੰਮ ਕਰ ਰਿਹਾ ਸੀ। ਇਹ ਗਿਰੋਹ ਆਨ-ਲਾਈਨ ਘਪਲੇ ਲਈ ਮਾਹਰ ਸਨ ਤੇ ਲੁਧਿਆਣਾ ਵਿੱਚ ਸਰਗਰਮ ਸਨ। ਇਨ੍ਹਾਂ ਘਪਲੇਬਾਜ਼ਾਂ ਦੀ ਗ੍ਰਿਫਤਾਰੀ ਨਾਲ ਚਾਰ ਕੇਸ ਹੱਲ ਕਰ ਲਏ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਦੀ ਇਹ ਕਾਰਵਾਈ ਡੀ ਐਸ ਪੀ (ਡੀ) ਮੋਹਿਤ ਅਗਰਵਾਲ ਦੀ ਅਗਵਾਈ ’ਚ ਐਸ ਐਸ ਪੀ ਸੰਗਰੂਰ ਸੰਦੀਪ ਗਰਗ ਦੀ ਨਿਗਰਾਨੀ ਵਾਲੇ ਸਾਈਬਰ ਸੈਲ ਤੇ ਸੀ ਆਈ ਏ ਦੀ ਸਾਂਝੀ ਟੀਮ ਨੇ ਕੀਤੀ ਹੈ। ਇਸ ਬਾਰੇ ਡੀ ਜੀ ਪੀ ਨੇ ਦੱਸਿਆ ਕਿ ਪੱਛਮੀ ਦਿੱਲੀ ਦੇ ਚਾਣਕਿਆ ਪਲੇਸ ਦਾ ਵਾਸੀ ਮੁਹੰਮਦ ਫਰੀਦ ਦਿੱਲੀ ਗੈਂਗ ਦਾ ਸਰਗਨਾ ਸੀ, ਜੋ ਪੰਖਾ ਰੋਡ ਇਲਾਕੇ ਵਿੱਚ ਪਲੈਟੀਨਾਮ ਵੈਂਕੇਸ਼ਨਸ ਪ੍ਰਾਈਵੇਟ ਲਿਮਟਿਡ ਨਾਂਅ ਦਾ ਕਾਲ ਸੈਂਟਰ ਚਲਾ ਰਿਹਾ ਸੀ। ਛਾਪੇਮਾਰੀ ਦੌਰਾਨ ਉਸ ਕੋਲੋਂ 1,20,000 ਰੁਪਏ ਨਕਦ, ਸੱਤ ਮੋਬਾਈਲ ਫੋਨ, 9 ਹੈਂਡਸੈੱਟ ਅਤੇ ਨੱਬੇ ਸਿਮ ਕਾਰਡ ਬਰਾਮਦ ਹੋਏ ਹਨ। ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਆਪਣੇ ਆਪ ਨੂੰ ਬੈਂਕ ਅਧਿਕਾਰੀ ਵਜੋਂ ਪੇਸ਼ ਕਰਦੇ ਤੇ ਐਚ ਡੀ ਐਫ ਸੀ ਬੈਂਕ ਦੇ ਖਾਤਾ ਧਾਰਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਉਹ ਕੋਵਿਡ ਸੰਕਟ ਕਾਰਨ ਲੋਕਾਂ ਨੂੰ ਡੈਬਿਟ, ਕ੍ਰੈਡਿਟ ਕਾਰਡ ਖਤਮ ਹੋਣ ਦਾ ਬਹਾਨਾ ਬਣਾ ਕੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਲੈਂਦੇ ਸਨ। ਉਨ੍ਹਾਂ ਦੇ ਮੋਬਾਈਲ ਫੋਨਾਂ ’ਤੇ ਭੇਜੇ ਆਪਣੇ ਕਾਰਡ ਦੇ ਬਿਓਰੇ ਦਾ ਓ ਟੀ ਪੀ ਪੁੱਛਣ ਤੋਂ ਬਾਅਦ ਇਹ ਲੋਕ ਬਿਨਾਂ ਡਰ ਦੇ ਪੀੜਤਾਂ ਦੇ ਖਾਤੇ ’ਚੋਂ ਪੈਸੇ ਉਨ੍ਹਾਂ ਦੇ ਫਰਜ਼ੀ ਪੇ ਟੀ ਐਮ ਖਾਤਿਆਂ ਵਿੱਚ ਟਰਾਂਸਫਰ ਕਰਦੇ ਸਨ।

ਫਰੀਦ ਤੋਂ ਇਲਾਵਾ ਉਸ ਦੇ ਸਾਥੀ ਸੰਜੇ ਕਸ਼ਯਪ ਉਰਫ ਦਾਦਾ, ਮੁਕੇਸ਼ ਅਤੇ ਉਪੇਂਦਰ ਕੁਮਾਰ ਸਿੰਘ ਸਾਰੇ ਪੱਛਮੀ ਦਿੱਲੀ ਦੇ ਵਾਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਰੁੱਧ ਥਾਣਾ-1 ਸੰਗਰੂਰ ’ਚ ਵੱਖ-ਵੱਖ ਧਾਰਾਵਾਂ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਮਤਾਰਾ ਗੈਂਗ ਦੇ ਦੋ ਮੈਂਬਰਾਂ, ਨੂਰ ਅਲੀ ਪਵਨ ਕੁਮਾਰ ਨੂੰ ਮੰਡੀ ਗੋਬਿੰਦਗੜ੍ਹ ਤੇ ਬਸਤੀ ਜੋਧੇਵਾਲ ਲੁਧਿਆਣਾ ’ਚ ਨਾਮਜ਼ਦ ਕੀਤਾ ਗਿਆ ਹੈ। ਇਹ ਜੋੜੀ ਆਪਣੇ ਕੇ ਵਾਈ ਸੀ ਬਿਓਰੋ ਨੂੰ ਸਰਟੀਫਾਈ ਕਰਨ ਦੇ ਬਹਾਨੇ ਲੋਕਾਂ ਨੂੰ ਬੈਂਕ ਅਧਿਕਾਰੀ ਬਣ ਕੇ ਠੱਗਦੀ ਸੀ। ਇਹ ਆਪਣੇ ਸ਼ਿਕਾਰਾਂ ਕੋਲੋਂ ਬੈਂਕਿੰਗ ਜਾਣਕਾਰੀ ਅਤੇ ਓ ਟੀ ਪੀ ਪੁੱਛ ਕੇ ਉਨ੍ਹਾਂ ਨੂੰ ‘ਕਿਉ ਐਸ ਟੀਮ ਵਿਊਅਰ’ ਐਪ ਡਾਊਨਲੋਡ ਕਰਨ ਅਤੇ ਥੋੜ੍ਹੀ ਦੇਰ ਆਪਣਾ ਮੋਬਾਈਲ ਬੰਦ ਰੱਖਣ ਨੂੰ ਕਹਿੰਦੇ ਸਨ। ਇਸ ਦੌਰਾਨ ਉਹ ਪੀੜਤ ਲੋਕਾਂ ਦੇ ਖਾਤੇ ਵਿੱਚੋਂ ਪੈਸੇ ਕਢਵਾ ਕੇ ਸੁਗਲ ਦਮਾਨੀ ਯੂਟੀਲਿਟੀ ਸਰਵਿਸਿਜ਼ ਦੇ ਖਾਤੇ ਵਿੱਚ ਪਾ ਦਿੰਦੇ ਸਨ, ਜਿਸ ਤੋਂ ਬਾਅਦ ਉਹ ਨੂਰ ਅਲੀ ਦੇ ਮੋਬਕਿਵਿਕ ਵਾਲੇਟ ’ਚ ਭੇਜ ਦਿੰਦੇ ਸਨ। ਬਾਅਦ ਵਿੱਚ ਇਹ ਪੈਸਾ ਪਵਨ ਕੁਮਾਰ ਦੇ ਮੋਬੀਕਵਿਕਿ ਵਾਲੇਟ ’ਚ ਪੁਚਾ ਦਿਤਾ ਜਾਂਦਾ ਸੀ। ਪਵਨ, ਜੋ ਬਾਲੀ ਟੈਲੀਕਾਮ ਦੇ ਨਾਂਅ ਅਧੀਨ ਮੋਬਾਈਲ ਫੋਨ ਰੀਚਾਰਜ ਕਰਨ ਦਾ ਕਾਰੋਬਾਰ ਚਲਾਉਂਦਾ ਸੀ, ਧੋਖੇ ਨਾਲ ਕੀਤੀ ਇਸ ਕਮਾਈ ਨਾਲ ਆਪਣੇ ਗਾਹਕਾਂ ਦੇ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਆਪਣੇ ਈ-ਵਾਲੇਟ ਰਾਹੀਂ ਕਰਦਾ ਸੀ ਤੇ ਬਿੱਲ ਵਿੱਚ ਛੋਟ ਦਾ ਲਾਲਚ ਦੇ ਕੇ ਉਹ ਗਾਹਕਾਂ ਤੋਂ ਨਕਦ ਪੈਸੇ ਲੈਂਦਾ ਸੀ। ਪੁਲਸ ਨੇ ਉਨ੍ਹਾਂ ਤੋਂ 7,65,000 ਨਕਦ, ਦੋ ਮੋਬਾਈਲ ਫੋਨ ਤੇ 10 ਸਿਮ ਕਾਰਡ ਫੜੇ ਹਨ। ਇਸ ਜੋੜੀ ਵਿਰੁੱਧ ਵੱਖ-ਵੱਖ ਧਾਰਾਵਾਂ ਹੇਠ ਥਾਣਾ ਸਦਰ ਧੂਰੀ ’ਚ ਕੇਸ ਦਰਜ ਕੀਤਾ ਗਿਆ ਹੈ।

# ਘਰ ਵਿੱਚ ਸੁੱਤੇ ਪਏ ਪਰਿਵਾਰ ਨੂੰ ਨਿਸ਼ਾਨਾ ਬਣਾਇਆ

*** ਚੋਰ ਨਕਦੀ ਅਤੇ ਸੋਨੇ ਦੀਆਂ ਵਾਲੀਆਂ ਲੈ ਗਏ**



ਗੋਰਾਇਆ, 20 ਸਤੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਚੋਰਾਂ ਨੇ ਘਰ ਸੁੱਤੇ ਹੋਏ ਪਰਵਾਰ ਨੂੰ ਨਿਸ਼ਾਨਾ ਬਣਾ ਕੇ ਘਰ ’ਚੋਂ ਪਰਸ, ਨਕਦੀ, ਸੋਨੇ ਦੇ ਗਹਿਣੇ ਚੋਰੀ ਕਰ ਲਏ। ਪਰਵਾਰ ਨੂੰ ਚੋਰੀ ਹੋਏ ਪਰਸ ਬਾਹਰ ਗਲੀ ਵਿੱਚ ਕੂੜੇ ਦੇ ਢੇਰ ’ਤੇ ਪਏ ਮਿਲੇ, ਜਿਸ ਵਿੱਚ ਕੁਝ ਕਾਗਜ਼ਾਤ ਹੀ ਚੋਰ ਛੱਡ ਗਏ, ਬਾਕੀ ਸਾਮਾਨ ਲੈ ਕੇ ਚੋਰ ਫਰਾਰ ਹੋ ਗਏ। ਇਸ ਬਾਰੇ ਸੋਨੂੰ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਗੋਰਾਇਆ ਨੇ ਦੱਸਿਆ ਕਿ ਦੇਰ ਰਾਤ ਉਹ ਆਪਣੇ ਪਰਵਾਰ ਸਮੇਤ ਸੁੱਤੇ ਪਏ ਸਨ। ਤਕਰੀਬਨ ਤਿੰਨ ਵਜੇ ਇੱਕ ਅਣਪਛਾਤਾ ਵਿਅਕਤੀ ਉਨ੍ਹਾਂ ਦੇ ਘਰ ਦੀ ਕੰਧ ਟੱਪ ਕੇ ਲੱਕੜੀ ਦੀ ਪੌੜੀ ਰਸਤੇ ਉਨ੍ਹਾਂ ਦੇ ਘਰ ਵਿੱਚ ਵੜਿਆ, ਜਿਸ ਦੇ ਪੈਰਾਂ ਦੇ ਨਿਸ਼ਾਨ ਕੰਧ ’ਤੇ ਲੱਗੇ ਹਨ ਅਤੇ ਜੋ ਨੇੜੇ ਦੁਕਾਨ ’ਤੇ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਵੀ ਆਇਆ ਹੈ। ਚੋਰ ਕਮਰੇ ਵਿੱਚੋਂ ਉਸ ਦੀ ਪਤਨੀ ਦਾ ਤੇ ਉਸ ਦਾ ਪਰਸ ਲੈ ਗਿਆ। ਪਰਸ ਵਿੱਚ 9500 ਰੁਪਏ ਦੀ ਨਕਦੀ, ਪੰਜ ਗਰਾਮ ਸੋਨੇ ਦੀਆਂ ਵਾਲੀਆਂ, ਜ਼ਰੂਰੀ ਦਸਤਾਵੇਜ਼, ਬਾਈਕ ਦੇ ਪੇਪਰ, ਏ ਟੀ ਐਮ ਕਾਰਡ ਸਨ। ਉਨ੍ਹਾਂ ਨੂੰ ਚੋਰੀ ਦਾ ਪਤਾ ਸਵੇਰੇ ਓਦੋਂ ਲੱਗਾ ਜਦ ਉਹ ਆਪਣੇ ਪਰਸ ਲੱਭ ਰਹੇ ਸਨ। ਜਦੋਂ ਉਨ੍ਹਾਂ ਨੇ ਬਾਹਰ ਜਾ ਕੇ ਦੇਖਿਆ ਤਾਂ ਉਨ੍ਹਾਂ ਦੇ ਪਰਸ ਕੂੜੇ ਦੇ ਢੇਰ ’ਤੇ ਪਏ ਸਨ ਜਿਸ ਵਿੱਚੋਂ ਨਕਦੀ ਅਤੇ ਸੋਨੇ ਦੀਆਂ ਵਾਲੀਆਂ ਗਾਇਬ ਸਨ, ਪਰ ਕੁਝ ਕਾਗਜ਼ਾਤ ਉਸ ਵਿੱਚ ਸਨ। ਉਨ੍ਹਾਂ ਨੇ ਸੀ ਸੀ ਟੀ ਵੀ ਚੈਕ ਕੀਤਾ ਤਾਂ ਉਸ ਵਿੱਚ ਰਾਤ ਤਕਰੀਬਨ ਤਿੰਨ ਵਜੇ ਇੱਕ ਅਣਪਛਾਤਾ ਵਿਅਕਤੀ ਦੇਖਿਆ ਗਿਆ ਹੈ। ਪੀੜਤ ਨੇ ਦੱਸਿਆ ਕਿ ਉਸ ਨੇ ਇਸ ਬਾਰੇ ਗੋਰਾਇਆ ਪੁਲਸ ਨੂੰ ਵੀ ਸੂਚਿਤ ਕੀਤਾ ਤੇ ਲਿਖਤੀ ਸ਼ਿਕਾਇਤ ਦਿੱਤੀ, ਪਰ ਪੁਲਸ ਪ੍ਰਸ਼ਾਸਨ ਵੱਲੋਂ ਉਸ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ ਅਤੇ ਮੌਕਾ ਦੇਖਣਾ ਵੀ ਪੁਲਸ ਨੇ ਮੁਨਾਸਬ ਨਹੀਂ ਸਮਝਿਆ।

# ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਨੌਜਵਾਨ ਨੇ ਪੈਟਰੋਲ ਪਾ ਕੇ ਖੁਦਕੁਸ਼ੀ ਕੀਤੀ

ਲੁਧਿਆਣਾ, 20 ਸਤੰਬਰ (ਪੋਸਟ ਬਿਊਰੋ)- ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਇਕ ਨੌਜਵਾਨ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ ਹੈ। ਇਹ ਘਟਨਾ ਥਾਣਾ ਡਵੀਜ਼ਨ ਨੰਬਰ ਅੱਠ ਦੇ ਪ੍ਰਿੰਸ ਹੋਸਟਲ ਦੇ ਇਲਾਕੇ ਦਾ ਹੈ, ਜਿੱਥੇ ਪਿਛਲੇ ਕਾਫੀ ਸਮੇਂ ਤੋਂ ਇੱਕ ਵਿਆਹੁਤਾ ਲੜਕੀ ਦੇ ਨਾਲ ਇਕ ਨੌਜਵਾਨ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਿਹਾ ਸੀ। ਉਸ ਨੇ ਖੁਦ ’ਤੇ ਪੈਟਰੋਲ ਛਿੜਕ ਕੇ ਅੱਗ ਲਾ ਲਈ। ਮ੍ਰਿਤਕ ਦੀ ਪਛਾਣ ਤਰਸੇਮ ਸਿੰਘ (22) ਵਜੋਂ ਹੋਈ ਹੈ। ਪੁਲਸ ਨੇ ਮ੍ਰਿਤਕ ਦੇ ਪਿਤਾ ਸ਼ਮਸ਼ੇਰ ਸਿੰਘ ਦੀ ਸ਼ਿਕਾਇਤ ’ਤੇ ਲੜਕੀ ਚੀਨੂ ਅਤੇ ਅਣਪਛਾਤੇ ਵਿਅਕਤੀ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਅਤੇ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਜਾਂਚ ਅਧਿਕਾਰੀ ਧਰਮਵੀਰ ਸਿੰਘ ਨੇ ਦੱਸਿਆ ਕਿ ਤਰਸੇਮ ਸਿੰਘ ਪੀ ਏ ਯੂ ਵਿੱਚ ਸਕਿਓਰਿਟੀ ਗਾਰਡ ਤੈਨਾਤ ਸੀ। ਉਸ ਦੇ ਚੀਨੂ ਨਾਂਅ ਦੀ ਲੜਕੀ ਨਾਲ ਪ੍ਰੇਮ ਸੰਬੰਧ ਸਨ, ਜੋ ਫਿਰੋਜ਼ਪੁਰ ਦੇ ਇਕ ਨੌਜਵਾਨ ਨਾਲ ਪਹਿਲਾਂ ਤੋਂ ਵਿਆਹੀ ਹੋਈ ਸੀ। ਉਸ ਦੇ ਬਾਵਜੂਦ ਤਰਸੇਮ ਅਤੇ ਚੀਨੂ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਲੱਗੇ। ਲੜਕੀ ਅਕਸਰ ਤਰਸੇਮ ਨੂੰ ਕਹਿੰਦੀ ਸੀ ਕਿ ਉਹ ਆਪਣੇ ਪਹਿਲੇ ਪਤੀ ਨੂੰ ਤਲਾਕ ਦੇਣ ਪਿੱਛੋਂ ਉਸ ਦੇ ਨਾਲ ਵਿਆਹ ਕਰੇਗੀ। ਚੀਨੂ ਦੇ ਪਰਵਾਰ ਦੇ ਨਾਲ ਗੱਲਬਾਤ ਕਰਨ ਲਈ ਤਰਸੇਮ ਉਸ ਦੇ ਘਰ ਗਿਆ ਤਾਂ ਲੜਕੀ ਦੇ ਭਰਾ ਤੇ ਚਾਚੇ ਦੇ ਪੁੱਤਰ ਨੇ ਉਸ ਦੀ ਕੁੱਟ ਮਾਰ ਕਰ ਦਿੱਤੀ, ਜਿਸ ਪਿੱਛੋਂ ਤਰਸੇਮ ਸਿੰਘ ਨੇ ਖੁਦ ’ਤੇ ਪੈਟਰੋਲ ਛਿੜਕ ਕੇ ਅੱਗ ਲਾ ਲਈ ਅਤੇ ਚੀਨੂ ਦੇ ਪਰਵਾਰਕ ਮੈਂਬਰਾਂ ਨੇ ਉਸ ਨੂੰ ਗੰਭੀਰ ਹਾਲਤ ਵਿੱਚ ਈ ਐਸ ਆਈ ਹਸਪਤਾਲ ਦਾਖਲ ਕਰਵਾ ਦਿੱਤਾ। ਓਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਪੀ ਜੀ ਆਈ ਰੈਫਰ ਕਰ ਦਿੱਤਾ ਅਤੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।

# ਪ੍ਰਦਰਸ਼ਨਕਾਰੀਆਂ ਨੇ ਗਾਂਧੀ ਦੇ ਬੁੱਤ ਨੂੰ ਵੀ ਨਹੀਂ ਛੱਡਿਆ

*** ਟਰੰਪ ਨੇ ਗਿਣ-ਗਿਣ ਕੇ ਪ੍ਰਦਰਸ਼ਨਕਾਰੀਆਂ ਦੇ ਪਾਪ ਗਿਣਾਏ**

ਵਾਸ਼ਿੰਗਟਨ, 20 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਗੈਰ ਗੋਰੇ ਜਾਰਜ ਫਲਾਇਡ ਦੀ ਮੌਤ ਪਿੱਛੋਂ ਹਿੰਸਕ ਹੋਏ ਪ੍ਰਦਰਸ਼ਨਕਾਰੀਆਂ ਨੇ ਮਹਾਤਮਾ ਗਾਂਧੀ ਦਾ ਬੁੱਤ ਵੀ ਨਹੀਂ ਛੱਡਿਆ। ਉਨ੍ਹਾਂ ਇੱਕ ਵਾਰ ਫਿਰ ਪ੍ਰਦਰਸ਼ਨਕਾਰੀਆਂ ਨੂੰ 'ਠੱਗਾਂ ਦਾ ਝੁੰਡ' ਦੱਸਿਆ ਹੈ।

ਵਰਨਣ ਯੋਗ ਹੈ ਕਿ ਇਸ ਸਾਲ 25 ਮਈ ਨੂੰ ਮਿਨੀਪੋਲਿਸ ਵਿੱਚ ਗੋਰੇ ਪੁਲਸ ਕਰਮਚਾਰੀ ਡੈਰੇਕ ਚਾਓਵਿਨ ਨੇ 48 ਸਾਲਾਂ ਦੇ ਗੈਰ-ਗੋਰੇ ਜਾਰਜ ਫਲਾਇਡ ਨੂੰ ਹੱਥਕੜੀ ਲਾ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੇ ਗਲੇ ਨੂੰ ਗੋਡੇ ਨਾਲ ਕਰੀਬ ਅੱਠ ਮਿੰਟਾਂ ਤੱਕ ਦਬਾਈ ਰੱਖਿਆ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ ਸੀ। ਇਸ ਦਾ ਵੀਡੀਓ ਵਾਇਰਲ ਹੋਣ ਪਿੱਛੋਂ ਪੂਰੇ ਦੇਸ਼ ਵਿੱਚ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ ਅਤੇ ਭੰਨਤੋੜ, ਲੁੱਟਮਾਰ ਅਤੇ ਅੱਗਜ਼ਨੀ ਦੀਆਂ ਵੀ ਕੁਝ ਘਟਨਾਵਾਂ ਹੋਈਆਂ ਸਨ। ਕੱਲ੍ਹ ਮਿਨੀਸੋਟਾ ਵਿੱਚ ਇੱਕ ਚੋਣ ਰੈਲੀ ਵਿੱਚ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਜਦੋਂ



ਪ੍ਰਦਰਸ਼ਨਕਾਰੀਆਂ ਨੇ ਇਬਰਾਹੀਮ ਲਿੰਕਨ ਦੇ ਬੁੱਤ ਨੂੰ ਹਾਨੀ ਪਹੁੰਚਾਈ ਤਾਂ ਮੈਂ ਕਿਹਾ ਸੀ ਕਿ ਇਹ ਲੋਕ ਹੋਰ ਅੱਗੇ ਜਾ ਸਕਦੇ ਹਨ। ਇਸ ਪਿੱਛੋਂ ਉਨ੍ਹਾਂ ਲੋਕਾਂ ਨੇ ਜਾਰਜ ਵਾਸ਼ਿੰਗਟਨ ਅਤੇ ਥਾਮਸ ਜੈਫਰਸਨ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ। ਮਿਨੀਸੋਟਾ ਉਹ ਸੂਬਾ ਹੈ, ਜਿੱਥੇ ਸਾਲ 2016 ਵਿੱਚ ਟਰੰਪ 44 ਹਜ਼ਾਰ ਵੋਟਾਂ ਨਾਲ ਹਾਰ ਗਏ ਸਨ।

ਇਸ ਦੌਰਾਨ ਡੋਨਾਲਡ ਟਰੰਪ ਨੇ ਵਾਸ਼ਿੰਗਟਨ ਵਿੱਚ ਲੱਗੇ ਮਹਾਤਮਾ ਗਾਂਧੀ ਦੇ ਬੁੱਤ ਦਾ ਵੀ ਜ਼ਿਕਰ ਕੀਤਾ ਜਿਸ ਨੂੰ ਅਣਪਛਾਤੇ ਸ਼ਰਾਰਤੀ ਤੱਤਾਂ ਨੇ ਦੇਸ਼ ਪੱਧਰੀ ਪ੍ਰਦਰਸ਼ਨ ਦੌਰਾਨ ਨਿਸ਼ਾਨਾ ਬਣਾਇਆ ਸੀ। ਉਨ੍ਹਾ ਕਿਹਾ ਕਿ ਮਹਾਤਮਾ ਗਾਂਧੀ ਸਿਰਫ ਸ਼ਾਂਤੀ ਚਾਹੁੰਦੇ ਸਨ, ਪ੍ਰਦਰਸ਼ਨਕਾਰੀਆਂ ਨੇ ਗਾਂਧੀ ਦਾ ਬੁੱਤ ਵੀ ਨਹੀਂ ਛੱਡਿਆ। ਅਸੀਂ ਇਹੋ ਜਿਹੇ ਲੋਕਾਂ ਨੂੰ ਪਸੰਦ ਨਹੀਂ ਕਰਦੇ। ਮੈਨੂੰ ਨਹੀਂ ਲੱਗਦਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਵੇਗਾ ਕਿ ਉਹ ਕੀ ਕਰ ਰਹੇ ਹਨ। ਸਹੀ ਮਾਇਨੇ ਵਿੱਚ ਉਹ ਪ੍ਰਦਰਸ਼ਨਕਾਰੀ ਨਹੀਂ, ਠੱਗਾਂ ਦਾ ਝੁੰਡ ਸੀ। ਰਾਸ਼ਟਰਪਤੀ ਨੇ ਭੀੜ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ ਜਿਸ ਵਿੱਚ ਅਜਿਹੇ ਸ਼ਰਾਰਤੀ ਤੱਤਾਂ ਲਈ 10 ਸਾਲ ਕੈਦ ਦੀ ਵਿਵਸਥਾ ਹੈ। ਅੱਗੇ ਤੋਂ ਕੋਈ ਵੀ ਬੁੱਤਾਂ ਨੂੰ ਡੇਗਣ ਦੀ ਗੱਲ ਤੱਕ ਨਹੀਂ ਕਰਦਾ ਹੈ।

# ਚੀਨ ਨੇ ਫੇਰ ਲੜਾਕੂ ਜਹਾਜ਼ ਭੇਜੇ, ਤਾਈਵਾਨ ਨੇ ਖਦੇੜੇ

ਤਾਇਪੇ, 20 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਕੀਥ ਕਰੈਚ ਦੀ ਤਾਈਵਾਨ ਯਾਤਰਾ 'ਤੇ ਚੀਨ ਦੀ ਲਗਾਤਾਰ ਦੂਜੇ ਦਿਨ ਖਿਝ ਸਾਹਮਣੇ ਆਈ ਹੈ। ਕੱਲ੍ਹ ਉਸ ਦੇ 19 ਲੜਾਕੂ ਜਹਾਜ਼ ਤਾਈਵਾਨ ਦੇ ਹਵਾਈ ਖੇਤਰ ਵਿੱਚ ਦਾਖਲ ਹੋਏ। ਇਸ ਟਾਪੂ ਨੁਮਾ ਖੇਤਰ ਦੀ ਹਵਾਈ ਫੌਜ ਦੇ ਜਹਾਜ਼ਾਂ ਨੇ ਚੀਨੀ ਜਹਾਜ਼ਾਂ ਨੂੰ ਖਦੇੜ ਦਿੱਤਾ। ਚੇਤੇ ਰਹੇ ਕਿ ਬੀਜਿੰਗ ਨੇ ਸ਼ੁੱਕਰਵਾਰ ਵੀ ਇਸੇ ਤਰ੍ਹਾਂ ਹਰਕਤ ਕੀਤੀ ਸੀ, ਜਦੋਂ ਉਸ ਨੇ 18 ਫਾਈਟਰ ਜੈਟ ਭੇਜੇ ਸਨ। ਇਸ 'ਤੇ ਤਾਈਵਾਨ ਸਰਕਾਰ ਨੇ ਕਿਹਾ ਸੀ ਕਿ ਚੀਨ ਤੋਂ ਹਕੀਕਤ ਵਿੱਚ ਬਹੁਤ ਖਤਰਾ ਹੈ, ਉਹ ਲਗਾਤਾਰ ਧਮਕਾ ਰਿਹਾ ਹੈ। ਉਸ ਨੇ ਇਸ ਖੁਦਮੁਖਤਾਰ ਦੀਪ ਨੂੰ ਡਰਾਉਣ ਲਈ ਹਮਲਾਵਰੀ ਨੀਤੀ ਅਪਣਾ ਰੱਖੀ ਹੈ।



ਚੀਨ ਨੇ ਕੱਲ੍ਹ ਓਦੋਂ ਲੜਾਕੂ ਜਹਾਜ਼ ਭੇਜੇ ਸਨ, ਜਦੋਂ ਕੀਥ ਆਪਣੇ ਤਿੰਨ ਰੋਜ਼ਾ ਦੌਰੇ ਦੇ ਅਖੀਰ ਵਿੱਚ ਤਾਈਵਾਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ। ਚੀਨ ਇਸ ਖੇਤਰ ਨੂੰ ਆਪਣਾ ਹਿੱਸਾ ਮੰਨਦਾ ਹੈ ਅਤੇ ਉਸ ਨੇ ਅਮਰੀਕਾ ਅਤੇ ਤਾਈਵਾਨ ਦੀ ਗੰਢ ਤੁੱਪ ਦੀ ਸਖਤ ਨਿੰਦਾ ਕੀਤੀ ਹੈ। ਤਾਈਵਾਨ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਕੱਲ੍ਹ ਦੀ ਹਰਕਤ ਵਿੱਚ 19 ਚੀਨੀ ਜਹਾਜ਼ ਸ਼ਾਮਲ ਸਨ। ਇਨ੍ਹਾਂ ਵਿੱਚ 12 ਜੇ-16, ਦੋ ਜੇ-10, ਦੋ ਜੇ-11, ਇੱਕ ਵਾਈ-8 ਪਣਡੁੱਬੀ ਰੋਕੂ ਜਹਾਜ਼ ਅਤੇ ਦੋ ਐਚ-6 ਬੰਬਾਰ ਜਹਾਜ਼ ਸ਼ਾਮਲ ਸਨ। ਇਸ ਦੇ ਜਵਾਬ ਵਿੱਚ ਤਾਈਵਾਨ ਦੀ ਹਵਾਈ ਫੌਜ ਦੇ ਲੜਾਕੂ ਜਹਾਜ਼ ਰਵਾਨਾ ਕੀਤੇ ਗਏ ਅਤੇ ਗਤੀਵਿਧੀਆਂ 'ਤੇ ਨਿਗਰਾਨੀ ਲਈ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਨੂੰ ਸਰਗਰਮ ਕੀਤਾ ਗਿਆ ਸੀ। ਤਾਈਵਾਨ ਇਸ ਸਾਲ ਆਪਣੇ ਖੇਤਰ ਦੇ ਕੋਲ ਕਈ ਵਾਰ ਚੀਨੀ ਲੜਾਕੂ ਜਹਾਜ਼ਾਂ ਦੇ ਪੁੱਜਣ ਦੀ ਸ਼ਿਕਾਇਤ ਕਰ ਚੁੱਕਾ ਹੈ। ਇਨ੍ਹਾਂ ਨੂੰ ਖਦੇੜਨ ਲਈ ਐਫ-16 ਅਤੇ ਦੂਜੇ ਲੜਾਕੂ ਜਹਾਜ਼ ਰਵਾਨਾ ਕੀਤੇ ਗਏ।






# ਅਮਰੀਕੀ ਚੋਣਾਂ ਵਿੱਚ ਕੈਲੀਫੋਰਨੀਆ ਦੇ ਪੰਜਾਬੀ ਸਿਆਸਤਦਾਨ ਵੀ ਨਿਤਰੇ



ਸਾਨ ਫਰਾਂਸਿਸਕੋ, 20 ਸਤੰਬਰ (ਪੋਸਟ ਬਿਊਰੋ)- ਇਸ ਤਿੰਨ ਨਵੰਬਰ ਨੂੰ ਹੋ ਰਹੀਆਂ ਅਮਰੀਕੀ ਚੋਣਾਂ ਵਿੱਚ ਇਸ ਵਾਰ ਪੰਜਾਬੀ ਲੋਕ ਵੱਡੀ ਗਿਣਤੀ ਵਿੱਚ ਦਿਲਚਸਪੀ ਹੀ ਨਹੀਂ ਲੈ ਰਹੇ, ਸਗੋਂ ਸਰਗਰਮੀ ਨਾਲ ਉਮੀਦਵਾਰਾਂ ਵਜੋਂ ਚੋਣ ਮੈਦਾਨ ਵਿੱਚ ਵੀ ਉਤਰੇ ਹੋਏ ਹਨ। ਇਸ ਵਾਰ ਦਿਲਚਸਪ ਗੱਲ ਇਹ ਵੀ ਹੈ ਕਿ ਕੈਲੀਫੋਰਨੀਆ ਦੇ ਸ਼ਹਿਰ ਲੈਥਰੋਪ ਤੋਂ ਪੰਜਵੀਂ ਵਾਰ ਮੇਅਰ ਬਣਨ ਵਾਲੇ ਨਵਾਂ ਸ਼ਹਿਰ ਦੇ ਪਿੰਡ ਲੰਗੇਰੀ ਦੇ ਸੋਨੀ ਧਾਲੀਵਾਲ ਲਗਾਤਾਰ ਦੂਸਰੀ ਵਾਰ ਬਿਨਾਂ ਮੁਕਾਬਲਾ ਮੇਅਰ ਬਣਨ ਵਾਲੇ ਹਨ। ਮਿਲਵਰਤਨ ਪੱਖੋਂ ਤੇ ਆਪਣੀ ਕਾਰਜਸ਼ੈਲੀ ਕਰ ਕੇ ਸੋਨੀ ਧਾਲੀਵਾਲ ਦਾ ਚੰਗਾ ਅਸਰ ਰਸੂਖ ਹੈ। ਯੂਨੀਅਨ ਸਿਟੀ ਦੇ ਮੌਜੂਦਾ ਵਾਈਸ ਮੇਅਰ ਗੈਰੀ ਸਿੰਘ ਫਿਰ ਚੋਣ ਮੈਦਾਨ ਵਿੱਚ ਹਨ ਅਤੇ ਤੀਜੀ ਵਾਰ ਕੌਂਸਲ ਮੈਨ ਬਣ ਸਕਦੇ ਹਨ। ਜਲੰਧਰ ਦੇ ਸ਼ਹਿਰ ਗੁਰਾਇਆ ਨੇੜੇ ਪਿੰਡ ਬੜਾ ਪਿੰਡ ਦੇ ਇੰਜੀਨੀਅਰ ਨਰਿੰਦਰ ਸਿੰਘ ਉਰਫ ਨਿੱਕ ਸਹੋਤਾ ਸੈਲਮਾ ਯੂਨੀਫਾਈਡ ਸਕੂਲ ਬੋਰਡ ਤੋਂ ਪਹਿਲੀ ਵਾਰ ਇਸ ਚੋਣ ਮੈਦਾਨ ਵਿਚ ਹਨ। ਇਨ੍ਹਾਂ ਦੇ ਪਿਤਾ ਅਤੇ ਅਮਰੀਕਾ ਦੇ ਸਫਲ ਕਿਸਾਨ ਨਿਰਮਲ ਸਿੰਘ ਸਹੋਤਾ ਦਾ ਸੈਲਮਾ ਤੇ ਫਰਿਜ਼ਨੋ ਦਾ ਇਲਾਕੇ ਵਿੱਚ ਚੰਗਾ ਅਸਰ ਰਸੂਖ ਹੈ।

ਪੱਤਰਕਾਰੀ ਨਾਲ ਲੰਬੇ ਅਰਸੇ ਤੋਂ ਜੁੜੇ ਮਹਿੰਦਰ ਸਿੰਘ ਕੰਡਾ ਸੀਰੀਸ ਸ਼ਹਿਰ ਦੇ ਸਿਟੀ ਕੌਂਸਲ ਵਜੋਂ ਡਿਸਟ੍ਰਿਕ ਤਿੰਨ ਤੋਂ ਚੋਣ ਮੈਦਾਨ ਵਿੱਚ ਹਨ। ਅੰਮ੍ਰਿਤਸਰ ਦੇ ਬਿਕਰਮਜੀਤ ਸਿੰਘ ਵਿੱਕ ਬਾਜਵਾ ਸਿਲੀਕਾਨ ਵੈਲੀ ਦੇ ਪ੍ਰਮੁੱਖ ਸ਼ਹਿਰ ਫਰੀਮਾਂਟ ਤੋਂ ਮੇਅਰ ਵਜੋਂ ਚੋਣ ਮੈਦਾਨ ਵਿੱਚ ਹਨ ਅਤੇ ਇਨ੍ਹਾਂ ਦਿਨਾਂ ਵਿੱਚ ਕਾਫੀ ਸਰਗਰਮੀ ਨਾਲ ਆਪਣੀ ਚੋਣ ਮੁਹਿੰਮ ਚਲਾਉਣ ਲੱਗੇ ਹੋਏ ਹਨ। ਵਿਕ ਬਾਜਵਾ ਡੈਮੋਕ੍ਰੇਟਿਕ ਪਾਰਟੀ ਵੱਲੋਂ ਹਨ। ਮਾਹਿਲਪੁਰ ਨੇੜਲੇ ਪਿੰਡ ਨੰਗਲ ਦੇ ਯੂਬਾ ਸਿਟੀ ਦੇ ਜ਼ਿਮੀਂਦਾਰ ਤੇ ਨੇਤਾ ਦੀਦਾਰ ਸਿੰਘ ਬੈਂਸ ਦੇ ਸਪੁੱਤਰ ਕਰਮ ਬੈਂਸ ਯੂਬਾ ਸਿਟੀ ਦੇ ਡਿਸਟ੍ਰਿਕਟ ਚਾਰ ਤੋਂ ਸੁਪਰਵਾਈਜ਼ਰ ਵਜੋਂ ਚੋਣ ਮੈਦਾਨ ਵਿੱਚ ਹਨ। ਇਹ ਪਰਵਾਰ ਲੰਬੇ ਅਰਸੇ ਤੋਂ ਸਿੱਖ ਸਿਆਸਤ ਵਿੱਚ ਹੈ, ਇਸ ਕਰ ਕੇ ਬੈਂਸ ਦੀ ਚੋਣ ਮੁਹਿੰਮ ਨੂੰ ਚੰਗਾ ਹੁਲ-ਾਰਾ ਮਿਲ ਸਕਦਾ ਹੈ। ਇਸ ਵਾਰ ਅਮਰੀਕੀ ਚੋਣ ਮੈਦਾਨ ਵਿੱਚ ਪੰਜਾਬਣਾਂ ਵੀ ਖੁਦ ਉਮੀਦਵਾਰ ਵਜੋਂ ਉਤਸ਼ਾਹ ਨਾਲ ਚੋਣ ਸਰਗਰਮੀਆਂ ਤੇਜ਼ ਕਰ ਰਹੀਆਂ ਹਨ। ਪੰਜਾਬੀ ਭਾਈਚਾਰੇ ਨੂੰ ਉਤਸ਼ਾਹ ਜਨਕ ਹੁੰਗਾਰਾ ਮਿਲ ਸਕਦਾ ਹੈ। ਆਉਣ ਵਾਲੇ ਸਮੇਂ ਵਿੱਚ ਪੰਜਾਬੀਆਂ ਦੀ ਨਵੀਂ ਪੀੜ੍ਹੀ ਅਮਰੀਕਨ ਸਿਆਸਤ ਵੱਲ ਪ੍ਰੇਰਿਤ ਹੋ ਸਕਦੀ ਹੈ। ਯੂਨੀਅਨ ਸਿਟੀ ਦੇ ਵਾਈਸ ਮੇਅਰ ਗੈਰੀ ਸਿੰਘ ਨੇ ਇੱਕ ਮੁਲਾਕਾਤ ਵਿੱਚ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਅਮਰੀਕੀ ਸਿਆਸਤ ਵੱਲ ਪ੍ਰੇਰਿਤ ਹੋ ਰਿਹਾ ਹੈ।

# ਪਾਕਿ ਵਿੱਚ ਫੇਰ ਇਕ ਗਰੰਥੀ ਸਿੰਘ ਦੀ ਧੀ ਅਗਵਾ ਕੀਤੀ ਗਈ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਗੁਰਦੁ-ਆਰਾ ਪੰਜਾ ਸਾਹਿਬ ਦੇ ਗ੍ਰੰਥੀ ਦੀ ਨਾਬਾਲਗ ਧੀ ਨੂੰ ਅਗਵਾ ਕਰਨ ਤੋਂ ਦਿੱਲੀ ਦੇ ਸਿੱਖਾਂ 'ਚ ਰੋਸ ਦੀ ਲਹਿਰ ਹੈ। ਉਨ੍ਹਾਂ ਨੇ ਪਾਕਿਸਤਾਨ 'ਚ ਰਹਿ ਰਹੀਆਂ ਘੱਟ ਗਿਣਤੀਆਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟਾਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੀ ਕੇਂਦਰ ਸਰਕਾਰ ਤੋਂ ਇਹ ਮਾਮਲਾ ਪਾਕਿ-ਸਤਾਨ ਸਰਕਾਰ ਕੋਲ ਚੁੱਕਣ ਦੀ ਮੰਗ ਕੀਤੀ ਹੈ।

ਇਸ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਅਹੁਦੇਦਾਰਾਂ ਨੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਅੱਗੇ ਇਹ ਮੁੱਦਾ ਚੁੱਕਿਆ ਅਤੇ ਕਿਹਾ ਕਿ ਜੇ 24 ਘੰਟਿਆਂ ਵਿੱਚ ਗ੍ਰੰਥੀ ਦੀ ਧੀ ਨਾ ਮਿਲੀ ਤਾਂ ਪਾਕਿਸਤਾਨ ਹਾਈ ਕਮਿਸ਼ਨ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।

ਪਿਛਲੇ ਸਾਲ ਵੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਗ੍ਰੰਥੀ ਦੀ ਧੀ ਨੂੰ ਅਗਵਾ ਕਰਨ ਪਿੱਛੋਂ ਬਦਲ ਕੇ ਨਿਕਾਹ ਕਰ ਦਿੱਤਾ ਗਿਆ ਸੀ। ਇਸ ਵਾਰ ਫਿਰ ਉਥੇ ਇੱਕ ਗ੍ਰੰਥੀ ਦੀ 17 ਸਾਲਾ ਧੀ ਨੂੰ ਅਗਵਾ ਕੀਤਾ ਗਿਆ ਹੈ। ਗ੍ਰੰਥੀਆਂ ਦੀਆਂ ਧੀਆਂ ਨੂੰ ਅਗਵਾ ਕਰ ਕੇ ਧਰਮ ਤਬਦੀਲ ਕਰਾਇਆ ਜਾ ਰਿਹਾ ਹੈ। ਸਿਰਸਾ ਨੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੋਂ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਅਗਵਾ ਕੀਤੀ ਗਈ ਕੁੜੀ ਨੂੰ ਆਜ਼ਾਦ ਕਰਵਾਉਣ ਦੀ ਮੰਗ ਕੀਤੀ ਹੈ। ਵਰਨਣ ਯੋਗ ਹੈ ਕਿ ਤਕਰੀਬਨ 13 ਦਿਨ ਪਹਿਲਾਂ ਹਸਨ ਅਬਦਾਲ ਵਿੱਚ ਗੁਰਦੁਆਰਾ ਪੰਜਾ ਸਾਹਿਬ ਦੇ ਗ੍ਰੰਥੀ ਪ੍ਰੀਤਮ ਸਿੰਘ ਦੀ ਧੀ ਨੂੰ ਅਗਵਾ ਕੀਤਾ ਗਿਆ ਸੀ। ਕੁੜੀ ਦੇ ਪਿਤਾ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕਿਤੇ ਉਸ ਦੀ ਧੀ ਦਾ ਵੀ ਜਬਰੀ ਧਰਮ ਨਾ ਤਬਦੀਲ ਕਰ ਦਿੱਤਾ ਜਾਵੇ।




**FRESH & LARGE VARIETY**
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017








**NEW CONDOS COMING SOON**
Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

**FREE ASSIGNMENT**
**PERMISSION TO LEASE DURING OCCUPANCY**
**CAPPED DEVELOPMENT CHARGERS**

**QUICK FACTS**
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

**EXTENDED DEPOSIT STRUCTURE**
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com

